
# ਅੰਮ੍ਰਿਤ ਕੀਰਤਨ

ਮਾਰਚ 2012



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

ਮੁੱਲ 15/-



## ਮੇਰਾ ਮਹਿਰਮ ਤੂੰ

ਮਨ-ਉਬਾਲੇ ਕਿਸਨੂੰ ਦੱਸੀਏ,
ਤੂੰਹੀਉਂ ਸੁਣਨੇ ਵਾਲਾ ਏਂ।

ਮਨ ਦੀਆਂ ਤਾਰਾਂ ਖਿੰਡੀਆਂ ਪਈਆਂ,
ਤੂੰ ਹੀ ਜੋੜਨ ਵਾਲਾ ਏਂ।

ਖਿੰਡੀਆਂ ਤਾਰਾਂ ਇਕ ਥਾਂ ਕਰ ਕੇ
ਭੁਲਿਆਂ ਤਾਈਂ ਪੰਥ ਦਿਖਾ।

ਦਰ ਦਰ ਫਿਰਦੇ ਭਟਕ ਰਹੇ ਹਾਂ,
ਆਪੇ ਰਾਹ ਪਾਵਣ ਵਾਲਾ ਏਂ

**ਪੁਸਤਕ -ਗੁੱਝੀਆਂ ਰਮਜ਼ਾਂ : ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


## ਇਸ ਅੰਕ ਵਿਚ


| | |
|---|---|
| ਮ੍ਰਿਤ ਅਸਾਡੜੇ ਸੇਈ | 4 |
| ਕਰਉ ਬੇਨੰਤੀਆ | 5 |
| ਪੁਰਾਣੇ ਰਬਾਬੀਆਂ ਨੂੰ ਯਾਦ ਕਰਦਿਆਂ... ਬਲਬੀਰ ਸਿੰਘ ਕੰਵਲ | 6 |
| ਸਤਰੰਗੀ ਸਾਧਨਾ-ਸੰਗੀਤ ਕਰਤਾਰ ਸਿੰਘ ਨੀਲਧਾਰੀ | 10 |
| ਭਾਈ ਸੁਧ ਸਿੰਘ ਜੀ ਜਗਜੀਤ ਸਿੰਘ ਬੁਲੇਰੀਆ | 13 |
| ਪੰ. ਯਸ਼ਪਾਲ ਜੀ ਪਦਮਸ਼੍ਰੀ ਉਸਤਾਦ ਸੋਹਨ ਸਿੰਘ ਸਿਮ੍ਰਤੀ ਐਵਾਰਡ ਨਾਲ ਸਨਮਾਨਿਤ | 16 |
| ਕੀਰਤਨ ਨਿਰਮੋਲਕ ਹੀਰਾ ਸੇਵਾ ਸਿੰਘ ਭੱਟੀ | 17 |
| HOLA MOHALLA | 23 |
| ਸੁਰ ਲਿਪੀ - ਰਾਗ ਸਾਰੰਗ- ਝਪ ਤਾਲ ਸੁਰਲਿਪੀਕਾਰ : ਹਰਿਭਜਨ ਸਿੰਘ | 25 |
| ਸੁਰ ਲਿਪੀ ਵਾਲੇ ਸ਼ਬਦ ਦੇ ਅਰਥ | 26 |



**ਸੰਪਾਦਕ (ਆਨਰੇਰੀ)**

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

**ਸਹਿਯੋਗੀ**

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**

**ਆਨਰੇਰੀ ਸਲਾਹਕਾਰ**

**ਸ: ਹਰਚੰਦਨ ਸਿੰਘ**


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012

**ਚੰਦੇ ਦਾ ਵੇਰਵਾ**

▲ ਦੇਸ਼: ਇਕ ਕਾਪੀ 15 ਰੁ., ਦੇਸ਼ ਸਾਲਾਨਾ ਡਾਕ ਰਾਹੀਂ 150 ਰੁ., ਕੋਰੀਅਰ ਰਾਹੀਂ 500 ਰੁਪਏ
ਜੀਵਨ ਮੈਂਬਰ 1500 ਰੁ.

▲ ਵਿਦੇਸ਼: ਸਲਾਨਾ 30 £, ਜੀਵਨ ਮੈਂਬਰ 300 £

▲ 'ਅੰਮ੍ਰਿਤ ਕੀਰਤਨ' ਲਈ ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।
ਜਾਂ State Bank of Patiala ਵਿਚ Amrit Kirtan Trust A/c 65079603302 ਵਿਚ ਸਿੱਧਾ ਜਮਾਂ ਕਰਾ ਕੇ ਸਾਨੂੰ ਸੂਚਿਤ ਕਰੋ ਜੀ


ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
422, ਸੈਕਟਰ 15-ਏ, ਚੰਡੀਗੜ੍ਹ 160 015
ਫੋਨ : 0172-2772660, 098140 53630
e-mail: drjagirsingh@gmail.com
Website : www.amritkirtan.com, www.gurshabad.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

**Type Setting & Designed by :**
**Rajpreet Singh Khural - 9915545084**


**Please forward your e-mail id at drjagirsingh@gmail.com**

# ✉ ਮਿਤ੍ਰ ਅਸਾਡੜੇ ਸੇਈ

ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਵੀਹਵੀ ਸਦੀ ਦੇ ਮਹਾਨ ਕੀਰਤਨੀਏ ਸਨ ਜਿਹਨਾਂ ਨੂੰ ਦੇਸ਼ ਦੀ ਵੰਡ ਮਗਰੋਂ ਨਨਕਾਣਾ ਸਾਹਿਬ ਵਾਲੇ ਆਖਿਆ ਜਾਂਦਾ ਸੀ। ਉਹ ਸਿੱਖਾਂ ਦੇ ਰਵਾਇਤੀ ਰੰਗ ਵਾਲੇ ਕੀਰਤਨ ਕਰਨ ਵਾਲਿਆਂ ਵਿਚ ਉਤਮ ਪਦ ਦੇ ਅਧਿਕਾਰੀ ਸਨ। ਉਹਨਾਂ ਨੇ ਬਾਣੀ ਦਾ ਗਾਇਨ ਕਰਦਿਆਂ ਪੁਰਾਤਨ ਰੀਤਾਂ ਨੂੰ ਪ੍ਰਮੁੱਖ ਸਥਾਨ ਦਿੱਤਾ ਤੇ ਸੰਗਤਾਂ ਨੂੰ ਨਿਹਾਲ ਕੀਤਾ। ਆਪ ਰਾਗ ਵਿੱਦਿਆ ਦੇ ਮਾਹਿਰ ਸਨ। ਨਿਰਧਾਰਤ ਰਾਗਾਂ ਵਿਚ ਕੀਰਤਨ ਕਰਦੇ ਸਨ ਜਿਸ ਦਾ ਅਸਰ ਸੰਗਤਾਂ ਦੇ ਮਨਾਂ ਵਿਚ ਡੂੰਘਾਂ ਪੈਂਦਾ ਸੀ। ਮਧੁਰ ਆਵਾਜ਼, ਅਲਾਪ, ਪਲਟੇ, ਬਾਣੀ ਦੇ ਉਚਿਤ ਪ੍ਰਮਾਣਾਂ ਦੇ ਆਪ ਧਨੀ ਸਨ। ਘੰਟਿਆ ਬੱਧੀ ਗੁਰੂ ਜਸ ਕਰਦੇ ਸਨ ਤੇ ਪੰਥ ਤੋਂ ਸਤਿਕਾਰ ਪਾਉਂਦੇ ਸਨ।

ਡਾ. ਜਾਗੀਰ ਸਿੰਘ ਪੰਥ ਦੇ ਉੱਚ ਪਾਏ ਦਾ ਰਾਗੀਆਂ ਵਿਚੋਂ ਹਨ ਜਿਹਨਾਂ ਨੂੰ ਜਿੱਥੇ ਗੁਰਮਤਿ ਸੰਗੀਤ ਦੀਆਂ ਪ੍ਰਾਚੀਨ ਪੱਧਤੀਆਂ ਦਾ ਡੂੰਘਾ ਗਿਆਨ ਹੈ, ਉਥੇ ਉਹ ਸਿੱਖਾਂ ਦੇ ਸੰਗੀਤ ਨਾਲ ਸੰਬੰਧਤ ਵਿਰਸੇ ਨੂੰ ਬਹੁਤ ਬਾਰੀਕੀ ਨਾਲ ਸਮਝਦੇ ਹਨ ਤੇ ਉਸ ਦੀ ਅਹਿਮੀਅਤ ਤੋਂ ਭਲੀ ਭਾਂਤ ਜਾਣੂ ਹਨ। ਆਪ ਨੇ ਭਾਈ ਸਾਹਿਬ ਭਾਈ ਸਮੁੰਦ ਸਿੰਘ ਜੀ ਦੀਆਂ ਦੁਰਲਭ ਰਿਕਾਰਡਾਂ ਵਿਚ ਚੋਣਵੇਂ ਸ਼ਬਦਾਂ ਦੀ ਸੀ. ਡੀ. ਤਿਆਰ ਕਰਕੇ ਸਿੱਖਾਂ ਦੇ ਜ਼ਿਹਨ ਵਿਚੋਂ ਅਲੋਪ ਹੋ ਰਹੇ ਭਾਈ ਸਾਹਿਬ ਨੂੰ ਮੁੜ ਸੁਰਜੀਤ ਕਰਨ ਦਾ ਪ੍ਰਸ਼ੰਸਾਯੋਗ ਉਪਰਾਲਾ ਕੀਤਾ ਹੈ। ਜਿਸ ਦੀ ਮਹਿਮਾ ਨਹੀਂ ਆਖੀ ਜਾ ਸਕਦੀ। ਮੈਨੂੰ ਯਾਦ ਹੈ ਅੱਜ ਤੋਂ ਛੇ ਦਹਾਕੇ ਪਹਿਲਾਂ ਆਲ ਇੰਡੀਆ ਰੇਡੀਓ ਜਲੰਧਰ ਤੋਂ ਬੰਧਨਵਾਰ ਪ੍ਰੋਗਰਾਮ ਸਵੇਰੇ ਸਵੇਰੇ ਪ੍ਰਸਾਰਤ ਕੀਤਾ ਜਾਂਦਾ ਸੀ ਜਿਸ ਵਿਚ ਭਾਈ ਸਾਹਿਬ ਅਕਸਰ ਕੀਰਤਨ ਕਰਿਆ ਕਰਦੇ ਸਨ ਤੇ ਸਾਡੇ ਘਰਾਂ ਵਿਚ ਉਹਨਾਂ ਦੀ ਆਵਾਜ਼ ਨੂੰ ਸਤਿਕਾਰ ਸਹਿਤ ਸੁਣਿਆ ਜਾਂਦਾ ਸੀ ਤੇ ਆਮ ਸਿੱਖ ਘਰਾਂ ਵਿਚ ਉਹਨਾਂ ਦੇ ਕੀਰਤਨ ਦੀ ਬੜੀ ਤੀਬਰਤਾ ਨਾਲ ਉਡੀਕ ਕੀਤੀ ਜਾਂਦੀ ਸੀ। ਰੱਜੇ ਪੁੱਜੇ ਘਰਾਂ ਵਿਚ ਉਹਨਾਂ ਦੇ ਰਿਕਾਰਡ ਵਜਾਏ ਜਾਂਦੇ ਸਨ। ਡਾ. ਜਾਗੀਰ ਸਿੰਘ ਦੀ ਇਸ ਅਦੁੱਤੀ ਸੇਵਾ ਨੂੰ ਮੇਰਾ ਨਮਸਕਾਰ ਹੈ।

ਡਾ. ਗੁਰਮੁਖ ਸਿੰਘ, 8 ਦਸਮੇਸ਼ ਕਾਲੋਨੀ, ਪਟਿਆਲਾ

ਅੰਮ੍ਰਿਤ ਕੀਰਤਨ ਹਰਪਾਲ ਸਿੰਘ ਔਜਲਾ ਦੇ ਲੇਖ ਬੜੇ ਖੂਬਸੂਰਤ ਹੁੰਦੇ ਹਨ। ਉਹਨਾਂ ਦੇ ਹਰ ਲੇਖ ਵਿਚ ਤਾਜ਼ਗੀ ਹੁੰਦੀ ਹੈ ਜਿਹੜਾ ਕਿ ਉਹਨਾਂ ਦੀ ਸ਼ੈਲੀ ਦਾ ਹੀ ਹਿੱਸਾ ਹੈ। ਮੇਰੇ ਵੱਲੋਂ ਉਹਨਾਂ ਨੂੰ ਮੁਬਾਰਕਾਂ ਪਹੁੰਚਾ ਦੇਣੀਆਂ। ਮੇਰਾ ਖਿਆਲ ਹੈ ਭਾਈ ਜਵਾਲਾ ਸਿੰਘ ਜੀ ਨੇ ਭਾਈ ਪਾਖਰ ਸਿੰਘ ਵੀਣਾਵਾਦਕ ਤੋਂ ਵੀ ਕੁਝ ਸਮਾਂ ਸਿੱਖਿਆ ਲਈ ਸੀ।

**Balbir Singh Kanwal, 2, Albert Road, Liford, Essex IG1 1HN (UK),**

In December 2012 issue of Amrit Kirtan, in Karo Baynantia section, you have asked your readers a very soul searching question. Bhai sahib jee, I really like your Website and listen to the banis very often when I am not able to do paath myself.

**HARJIT SINGH 9814222255, E-mail : ansh_group_tt@yahoo.comJavascript required**

I received two CD's by Bhai Samund Singh ji and your good-self. It was good to feel old vibes through the shabds of Bhai Sahib. Big job by you; Waheguru may always standby you in this act of great sewa.

Believe me your style of reciting shabad is indeed pretty touching. The CD of "Praanee Eaeko Naam Dhaiaavuhu", partcularly this captioned shabad is soul-touching. Right now I have only these two of your CD's and I listen to the shabad "praanee eako............" at least once a day. I always retain this cd in my player. It proves as a big reminder for me and really it works. Regards.

**Gurbux Singh, 29-Public Park, Sri Ganganagar-335001, Mob. 09928150515**

# ਕਰਉ ਬੇਨੰਤੀਆ

## ਭਾਈ ਕਰਮ ਸਿੰਘ ਰਤਨ ਦੇ ਕੀਰਤਨ ਦੀਆਂ ਸੀ. ਡੀਜ਼ ਰਿਲੀਜ਼

'ਅੰਮ੍ਰਿਤ ਕੀਰਤਨ' ਦੇ ਪਾਠਕ ਭਾਈ ਕਰਮ ਸਿੰਘ ਰਤਨ ਦੇ ਨਾਮ ਤੋਂ ਭਲੀ ਭਾਂਤ ਜਾਣੂ ਹਨ। ਆਪ 'ਅੰਮ੍ਰਿਤ ਕੀਰਤਨ' ਦੇ ਆਰੰਭਕ ਸਮੇਂ ਤੋਂ ਹੀ ਇਸ ਨਾਲ ਜੁੜੇ ਹੋਏ ਹਨ। ਆਪ ਦੇ ਲੇਖ 'ਅੰਮ੍ਰਿਤ ਕੀਰਤਨ' ਦੇ ਪੰਨਿਆਂ ਦਾ ਸ਼ਿੰਗਾਰ ਬਣਦੇ ਆ ਰਹੇ ਹਨ। ਆਪ ਨੇ ਕੀਰਤਨ, ਸੰਗੀਤ ਅਤੇ ਕੀਰਤਨੀਆਂ ਬਾਰੇ ਉੱਚ ਪੱਧਰ ਦੇ ਲੇਖ ਲਿਖੇ ਹਨ। ਮੈਨੂੰ ਇਹ ਮਾਣ ਹੈ ਕਿ ਆਪ ਮੇਰੇ ਮਿੱਤਰ ਹਨ ਅਤੇ ਕਿਸੇ ਸਮੇਂ ਮੇਰੇ ਜਥੇਦਾਰ ਰਾਗੀ ਰਹੇ ਹਨ। ਅਸੀਂ ਇੱਕ ਦੂਜੇ ਕੋਲੋਂ ਬਹੁਤ ਕੁਝ ਸਿੱਖਿਆ ਹੈ। ਆਪ ਮੇਰੇ ਤੋਂ ਵੱਡੇ ਹਨ।ਆਪ ਨੇ ਭਾਈ ਮਾਨ ਸਿੰਘ ਪੰਛੀ, ਭਾਈ ਕਿਰਪਾਲ ਸਿੰਘ, ਭਾਈ ਸੰਤੋਖ ਸਿੰਘ, ਭਾਈ ਉੱਤਮ ਸਿੰਘ ਆਦਿ ਕੀਰਤਨੀਆਂ ਨਾਲ ਕੀਰਤਨ ਕੀਤਾ ਅਤੇ ਸਾਰਿਆਂ ਪਾਸੋਂ ਕੁਝ ਨਾ ਕੁਝ ਗ੍ਰਹਿਣ ਕੀਤਾ।ਇਹਨਾਂ ਕੀਰਤਨੀਆਂ ਦੀਆਂ ਰੀਤਾਂ ਦਾ ਖਜ਼ਾਨਾ ਆਪ ਪਾਸ ਹੈ। ਅਸੀਂ ਕੋਸ਼ਿਸ਼ ਕਰ ਰਹੇ ਹਾਂ ਕਿ ਇਸ ਦੀ ਰਿਕਾਰਡਿੰਗ ਕੀਤੀ ਜਾਵੇ।ਇਹ ਖੁਸ਼ੀ ਦੀ ਗੱਲ ਹੈ ਕਿ ਪਿੱਛੇ ਜਿਹੇ ਆਪਨੇ ਸੰਗਤਾਂ ਦੀ ਮੰਗ ਅਨੁਸਾਰ ਆਪਣੇ ਕੀਰਤਨ ਦੀਆਂ ਦੋ ਸੀ. ਡੀਜ਼ ਆਪ ਹੀ ਤਿਆਰ ਕਰਕੇ ਸੰਗਤਾਂ ਦੀ ਭੇਟ ਕੀਤੀਆਂ। ਇਸ ਮੁਨਾਫੇਖੋਰੀ ਵਾਲੇ ਜੁਗ ਵਿੱਚ ਰਿਕਾਰਡਿੰਗ ਕੰਪਨੀਆਂ ਮਿਆਰੀ ਕੀਰਤਨ ਵੱਲ ਘਟ ਹੀ ਧਿਆਨ ਦਿੰਦੀਆਂ ਹਨ। ਉਹ ਉਹਨਾਂ ਕੀਰਤਨੀਆਂ ਨੂੰ ਹੀ ਰਿਕਾਰਡ ਕਰਦੀਆਂ ਜਿਹਨਾਂ ਦੀ ਸੀ. ਡੀ. ਵਧੇਰੇ ਵਿਕੇ। ਖੈਰ, ਇਹ ਉਹਨਾਂ ਦੀ ਵੀ ਮਜਬੂਰੀ ਹੈ। ਪਰ ਕਰਮ ਸਿੰਘ ਰਤਨ ਜਿਹੇ ਸਿਰੜੀ ਕੀਰਤਨੀਏ ਵੀ ਆਪਣੀ ਕੀਰਤਨ ਕਲਾ ਨੂੰ ਸੰਗਤਾਂ ਤਕ ਪੁਚਾਉਣ ਦਾ ਕੋਈ ਨਾ ਰਾਹ ਲੱਭ ਹੀ ਲੈਂਦੇ ਹਨ।

ਦੇਸ਼ ਵਿਦੇਸ਼ ਵਿੱਚ ਭਾਈ ਕਰਮ ਸਿੰਘ ਰਤਨ (ਲੁਧਿਆਣਾ ਵਾਲਿਆਂ) ਦੇ ਕੀਰਤਨ ਨੂੰ ਬਹੁਤ ਪਸੰਦ ਕੀਤਾ ਜਾਂਦਾ ਹੈ।ਸੀ. ਡੀਜ਼ ਨੂੰ ਰਿਲੀਜ਼ ਕਰਨ ਦੀ ਰਸਮ ਮਾਘ ਦੀ ਸੰਗਰਾਂਦ ਵਾਲੇ ਦਿਨ, ਗੁਰਦੁਆਰਾ ਭਾਈ ਜਗਤਾ, ਟਿਕਾਣਾ ਸਾਹਿਬ ਗੁਨਿਆਣਾ ਮੰਡੀ ਦੇ ਸਮਾਗਮ 'ਤੇ ਮਹੰਤ ਕਾਹਨ ਸਿੰਘ ਜੀ ਨੇ ਨਿਭਾਈ। ਇਹਨਾਂ ਸੀ. ਡੀਜ਼ ਵਿੱਚ ਗਾਇਨ ਕੀਤੇ ਸ਼ਬਦਾਂ ਦਾ ਵੇਰਵਾ ਇਸ ਪ੍ਰਕਾਰ ਹੈ।

ਮੋਹਿ ਪਰਦੇਸਨਿ ਦੂਰ ਤੇ ਆਈ, ਮਿਲੁ ਰਾਮ ਪਿਆਰੇ, ਬੋਲਹੁ ਰਾਮੁ ਕਰੇ ਨਿਸਤਰਾਰਾ, ਗੋਬਿੰਦ ਗੋਬਿੰਦ ਗੋਬਿੰਦ ਮਈ, ਰੇ ਮੂੜੇ ਤੂੰ ਹੋਛੇ ਰਸਿ ਲਪਟਾਇਓ, ਤੁਝ ਬਿਨੁ ਕਵਨੁ ਹਮਾਰਾ, ਮੋਹਨ ਘਰਿ ਆਵਹੁ ਕਰਉ ਜੋਦਰੀਆ, ਬੰਗ ਕੇ ਬੰਗਾਲੀ, ਫਿਰੰਗ ਕੇ ਫਿਰੰਗਾ ਵਾਲੀ, ਜਪਿ ਮਨ ਨਿਰਭਉ॥ (ਰਾਗ ਬੈਰਾਗੀ ਭੈਰਵ), ਜੀਵਉ ਨਾਮੁ ਸੁਨੀ (ਰਾਗ-ਪਟਦੀਪ), ਐਸੀ ਕਉਨ ਬਿਧੇ ਦਰਸਨ ਪਰਸਨਾ (ਰਾਗ ਮਲਾਰ), ਮੇਰੇ ਲਾਲਨ ਕੀ ਸੋਭਾ (ਰਾਗ-ਯਮਨ) ਮੇਰੋ ਸੁੰਦਰੁ ਕਹਹੁ ਮਿਲੈ ਕਿਤੁ ਗਲੀ (ਰਾਗ ਗੁਨਕਲੀ), ਬੋਲਿ ਹਰਿ ਨਾਮੁ ਸਫਲ ਸਾ ਘਰੀ (ਰਾਗ-ਮਾਲ ਸ੍ਰੀ), ਚਾਤ੍ਰਿਕ ਮੋਰ ਬੋਲਤ ਦਿਨਰਾਤੀ (ਰਾਗ-ਦੇਸ), ਕਿਉ ਜੀਵਨੁ ਪ੍ਰੀਤਮ ਬਿਨੁ ਮਾਈ (ਰਾਗ-ਰਾਗੇਸ਼ਰੀ), ਸੋ ਹਰਿ ਮੇਰਾ ਅੰਤਰਜਾਮੀ (ਰਾਗ ਯਮਨ), ਮੇਰੀ ਪ੍ਰੀਤਿ ਗੋਵਿੰਦ ਸਿਉ ਜਿਨਿ ਘਟੈ (ਰਾਗ-ਸੋਰਠਿ), ਰਾਮ ਰਾਮ ਬੋਲਿ ਬੋਲਿ ਖੋਜਤੇ ਵਡਭਾਗੀ (ਰਾਗ-ਮਲਾਰ), ਜੀਅਰਾ ਹਰਿ ਕੇ ਗੁਨਾ ਗਾਉ॥, ਸਾਚੇ ਨਾਮ ਕੀ ਲਾਗੈ ਭੂਖ॥

ਹੋ ਸਕਦਾ ਹੈ ਇਹ ਸੀ ਡੀਆਂ ਆਮ ਦੁਕਾਨਾਂ ਤੋਂ ਪ੍ਰਾਪਤ ਨਾ ਹੋਣ। ਇਹਨਾਂ ਨੂੰ ਪ੍ਰਾਪਤ ਕਰਨ ਦੇ ਚਾਹਵਾਨ ਭਾਈ ਕਰਮ ਸਿੰਘ ਰਤਨ ਨਾਲ ਮੁਬਾਈਲ੍ 09780708747 ਤੇ ਸੰਪਰਕ ਕਰ ਸਕਦੇ ਹਨ।

# ਪੁਰਾਣੇ ਰਬਾਬੀਆਂ ਨੂੰ ਯਾਦ ਕਰਦਿਆਂ...

## ਬਲਬੀਰ ਸਿੰਘ ਕੰਵਲ

"ਏਕ ਵਕਤ ਐਸਾ ਭੀ ਥਾ ਜੱਬ ਕਲਾਕਾਰੋਂ ਕੀ ਬਹੁਤ ਕਦਰ ਥੀ ਔਰ ਇਨਹੇਂ ਪੈਸੇ ਵੀ ਬਹੁਤ ਮਿਲਦੇ ਥੇ। ਮਾਸਟਰ ਨਿਸਾਰ ਕੋ ਉਸ ਜ਼ਮਾਨੇ ਮੇ ਸੋਲਾਂ ਸੌ ਰੁਪਏ ਰੁਪਹਿਆ ਤਨਖਾਹ ਦੀ ਜਾਤੀ ਥੀ। ਗਰਵਨਰ ਉਨਹੇ ਦੇਖਨੇ ਆਇਆ ਕਿ ਮੇਰੀ ਤਨਖਾਹ ਇਤਨੀ ਨਹੀਂ ਹੈ ਜਿਤਨੀ ਕਿ ਨਿਸਾਰ ਸਾਹਿਬ ਕੀ ਹੈ।"

ਮਹਾਨਾਮਾ ਸਰਗੁਜ਼ੱਸ਼ਤ (ਉਰਦੂ) ਕਰਾਚੀ ਸਫਾ 75 ਅਗਸਤ 1975

ਪੰਜਾਬੀ ਜ਼ੁਬਾਨ ਅਤੇ ਸਭਿਆਚਾਰ ਦੇ ਬਹੁਤ ਵੱਡੇ ਮੁਦਈ ਅਤੇ ਅੰਤਰਰਾਸ਼ਟਰੀ ਪ੍ਰਸਿੱਧੀ ਰੱਖਣ ਵਾਲੇ ਡਾ. ਐੱਮ. ਐੱਸ. ਰੰਧਾਵਾ ਆਪਣੀ ਆਤਮਕਥਾ ਵਿਚ ਲਿਖਦੇ ਹਨ ਕਿ ਆਈ. ਸੀ. ਐੱਸ. ਕਰਕੇ 1936 ਵਿਚ ਜਦੋਂ ਮੈਂ ਫੈਜ਼ਾਬਾਦ ਐੱਸ. ਡੀ. ਓ. ਲੱਗਾ ਤਾਂ ਉਨੀਂ ਦਿਨੀਂ ਮੇਰੀ ਤਨਖਾਹ ਛੇ ਸੌ ਰੁਪਏ ਮਹੀਨਾ ਸੀ।

ਏਹੋ ਜਿਹੀ ਹੈਰਾਨੀ ਭਰੀ ਕਥਾ ਪੜ੍ਹ ਕੇ ਕੁਦਰਤੀ ਹੀ ਜਗਿਆਸਾ ਜਾਗਦੀ ਹੈ ਕਿ ਆਖਰ ਉਹ ਕਿਹੜਾ ਬੰਦਾ ਸੀ ਜਿਸਦੀ ਉਨ੍ਹਾਂ ਸਸਤੇ ਭਲੇ ਸਮਿਆਂ 'ਚ ਗਵਰਨਰ ਨਾਲੋਂ ਵੀ ਵਧੇਰੇ ਤਨਖਾਹ ਸੀ?

ਅਸਲ ਵਿਚ ਇਹ 1931-32 ਦੀਆਂ ਗੱਲਾਂ ਹਨ ਜਦਕਿ ਹਿੰਦੁਸਤਾਨ ਦੀ ਫਿਲਮ ਇੰਡਸਟਰੀ 'ਚ ਬੋਲਣ ਵਾਲੀਆਂ ਫਿਲਮਾਂ ਬਣਨੀਆਂ ਸ਼ੁਰੂ ਹੋ ਗਈਆਂ ਸਨ। ਕਲਕੱਤਾ ਵਿਖੇ ਫਿਲਮ 'ਸ਼ੀਰੀ ਫਰਿਹਾਦ' ਬਣ ਰਹੀ ਸੀ ਜਿਸ ਵਿਚ ਨਗ਼ਮੇ ਆਗ਼ਾ ਹਸ਼ਰ ਕਸ਼ਮੀਰੀ ਦੇ ਸਨ। ਫਿਲਮ ਦੀ ਹੀਰੋਇਨ ਜਹਾਂ ਆਰਾ ਕਜਨ ਸੀ। ਉਨ੍ਹਾਂ ਦਿਨਾਂ 'ਚ ਪਿੱਛ-ਪੜ੍ਹਦਾ ਗਾਉਣ ਦਾ ਅਜੇ ਰਿਵਾਜ਼ ਨਹੀਂ ਸੀ ਪਿਆ। ਸਿਰਫ ਉਹ ਚਿਹਰੇ ਹੀ ਲਏ ਜਾਂਦੇ ਸਨ ਜਿਹੜੇ ਛੈਲ ਛਬੀਲੇ ਵੀ ਹੋਣ, ਨਾਲ ਹੀ ਸਟੇਜ 'ਤੇ ਆਪ ਗਾ ਵੀ ਸਕਦੇ ਹੋਣ। ਫਿਲਮ ਦੀ ਹੀਰੋਇਨ ਜਿਸਨੇ ਆਪਣੀ 'ਜਹਾਂ ਆਰਾ ਕਜਨ ਥੀਏਟਰੀਕਲ ਕੰਪਨੀ' ਬਣਾਈ ਹੋਈ ਸੀ, 1928 ਵਾਲੀ ਆਪਣੀ ਅੰਮ੍ਰਿਤਸਰ ਅਤੇ ਲਾਹੌਰ ਫੇਰੀ ਸਮੇਂ ਇਹ ਗੱਲ ਚੰਗੀ ਤਰ੍ਹਾਂ ਅਨੁਭਵ ਕਰ ਚੁੱਕੀ ਸੀ ਕਿ ਇਸ ਕੰਮ ਲਈ ਉਸਨੂੰ ਮਾਸਟਰ ਨਿਸਾਰ ਨਾਲੋਂ ਹੋਰ ਕੋਈ ਬਾਂਕਾ ਅਤੇ ਵਧੀਆ ਗਵੱਈਆ ਨਹੀਂ ਮਿਲ ਸਕਦਾ ਜਿਹੜਾ ਕਿ ਸ੍ਰੀ ਦਰਬਾਰ ਸਾਹਿਬ ਦੇ ਰਬਾਬੀ ਭਾਈ ਘਸੀਟਾ ਦਾ ਪੁੱਤਰ ਸੀ। ਆਲਮ ਆਰਾ ਤੋਂ ਬਾਅਦ ਬੋਲਣ ਵਾਲੀ ਇਹ ਦੂਜੀ ਫਿਲਮ ਸੀ ਜਿਸਦੀ ਹੀਰੋਇਨ ਕਜਨ ਅਤੇ ਹੀਰੋ ਮਾਸਟਰ ਨਿਸਾਰ ਸੀ। 1932 ਵਿਚ ਜਦੋਂ ਨਵਾਬ ਵਾਜਦ ਅਲੀ ਸ਼ਾਹ ਲਖਨਊ ਵਾਲੇ ਦੇ ਦੌਰ ਨੂੰ ਪੇਸ਼ ਕਰਦੀ ਫਿਲਮ "ਇੰਦਰ ਸਭਾ" ਬਣਨੀ ਸੀ, ਜਿਸ ਵਿਚ ਉਦੋਂ ਦੇ ਲਖਨਊ ਦੇ ਮਾਹੌਲ ਨੂੰ ਫੜਨ ਲਈ ਰਾਸ-ਲੀਲਾ ਰਚਾਉਣ ਲਈ 69 ਗਾਣੇ ਗਾਏ ਜਾਣੇ ਸਨ, ਤਾਂ ਉਸ ਵਿਚ ਵੀ ਹੀਰੋ-ਹੀਰੋਇਨ ਲਈ ਮਕਬੂਲ ਜੋੜੀ ਇਹਨਾਂ ਦੋਹਾਂ ਦੀ ਹੀ ਸੀ। ਉਹਨਾਂ ਦਿਨਾਂ ਵਿਚ ਉਨ੍ਹਾਂ ਦੋਹਾਂ ਦੇ ਹਿੰਦੁਸਤਾਨ ਭਰ 'ਚ ਭਰੇ ਚਰਚੇ ਸਨ।

ਜਹਾਂ ਆਰਾ ਕਜਨ ਕੌਣ ਸੀ, ਕਿੱਥੋਂ ਦੀ ਸੀ ਅਤੇ ਉਸਦਾ ਮੂੰਹ ਮੱਥਾ ਕਿਹੋ ਜਿਹਾ ਸੀ-ਉਸ ਬਾਰੇ ਪਾਠਕਾਂ ਨੂੰ ਥੋੜ੍ਹਾ ਬਹੁਤ ਨਾ ਦੱਸੀਏ ਤਾਂ ਕਹਾਣੀ ਅਧੂਰੀ ਰਹੇਗੀ। ਪਿਛਲੀ ਸਦੀ ਦੇ ਸੱਤਰਕਿਆਂ ਦੀਆਂ ਗੱਲਾਂ ਸਨ, ਮੇਰਾ ਉਦੋਂ ਪਾਕਿਸਤਾਨ ਦੀ ਸੁਪ੍ਰਸਿੱਧ ਕਲਾਸੀਕਲ ਗਾਇਕਾ ਮਲਕਾ-ਇ-ਮੋਸੀਕੀ ਰੌਸ਼ਨ ਆਰਾ ਬੇਗ਼ਮ ਨਾਲ ਚਿੱਠੀ-ਪੱਤਰ ਚੱਲ ਰਿਹਾ ਸੀ। ਉਸਨੇ ਆਪਣੇ ਬਾਰੇ ਇਸ ਗੱਲ ਦਾ ਭੇਦ ਤਾਂ ਨਾ ਖੋਲ੍ਹਿਆ ਕਿ ਜੱਦੀ-ਪੁਸ਼ਤੀ ਉਹ ਇਕ ਤਵਾਇਫ ਚੰਦਾ ਬੇਗ਼ਮ ਦੀ ਧੀ ਹੈ, ਪਰ ਮੇਰੇ ਤੇ ਕਰਮ ਫਰਮਾਈ ਇਹ ਕੀਤੀ ਕਿ ਉਸਨੇ ਮੈਨੂੰ ਇਸ ਗੱਲ ਦੀ ਸਹੀ ਜਾਣਕਾਰੀ ਦਿੱਤੀ ਕਿ ਕਜਨ ਮੁੰਘੇਰ ਦੇ ਇਕ ਸਾਧਾਰਨ ਜਿਹੇ ਗਵੱਈਏ ਸ਼ੁਗਨ ਦੀ ਧੀ ਸੀ। ਰੌਸ਼ਨ ਆਰਾ ਨੇ ਮੈਨੂੰ ਇਸ ਗੱਲ ਦਾ ਸ਼ਰਫ ਵੀ ਬਖਸ਼ਿਆ ਕਿ ਉਸਨੇ ਆਪਣੇ ਹੂਵਰ ਦਾ ਟੁੱਟ ਚੁੱਕਾ ਇਕ ਪੁਰਜ਼ਾ ਭੇਜਣ ਲਈ ਕਿਹਾ ਜਿਹੜੇ ਮੈਂ ਛੇਤੀ ਹੀ ਭੇਜ ਦਿੱਤਾ ਸੀ। ਰੱਬ ਰਹਿਮ ਕਰੇ, ਰੌਸ਼ਨ ਆਰਾ ਕਮਾਲ ਦਾ

ਗਾਉਂਦੀ ਸੀ। ਸੁਰ ਦੀ ਸੱਚਾਈ ਕਮਾਲ ਦੀ, ਦੁਰੱਤ 'ਚ ਦਾਖਲ ਹੁੰਦਿਆਂ ਹੀ ਇੰਝ ਪ੍ਰਤੀਤ ਹੁੰਦਾ ਹੈ ਜਿਵੇਂ ਸੁਰਾਂ ਦੀਆਂ ਫੁਹਾਰਾਂ, ਫੁੱਲਝੜੀਆਂ ਬਣ-ਬਣ ਕੇ ਬਿਖਰ ਰਹੀਆਂ ਹੋਣ। ਉਸਦਾ ਗਾਇਆ ਹੋਇਆ ਸ਼ੰਕਰਾ, ਸ਼ੁੱਧ ਕਲਿਆਣ ਜਾਂ ਮੁਲਤਾਨੀ ਆਦਿ ਸੁਣ ਕੇ ਤਾਂ ਦੇਖੋ। ਖੈਰ ਕਜਨ ਬਾਰੇ ਗੱਲ ਦੱਸ ਰਹੇ ਸਾਂ। ਸੰਗੀਤ ਦੀ ਸਿੱਖਿਆ ਸੰਪੂਰਨ ਕਰਕੇ ਆਪਣੀ ਕਿਸਮਤ ਅਜ਼ਮਾਉਣ ਲਈ ਉਹ ਕਲਕੱਤੇ ਚਲੀ ਗਈ। ਉਥੇ ਉਸਨੇ ਆਪਣੀ ਪ੍ਰਭਾਵਸ਼ਾਲੀ ਸ਼ਖਸੀਅਤ ਅਤੇ ਪ੍ਰਤਿਭਾ ਨਾਲ ਸੱਭਨਾਂ ਨੂੰ ਪ੍ਰਭਾਵਿਤ ਕੀਤਾ। ਉਸਦਾ ਸਰੂ ਵਰਗਾ ਕੱਦ, ਗੋਰਾ ਰੰਗ, ਖੂਬਸੂਰਤ ਤਿੱਖੇ ਨੈਣ ਨਕਸ਼, ਸੁਰਾਹੀ-ਨੁਮਾ ਲੰਮੀ ਧੌਣ, ਪਤਲੀ ਕਮਰ, ਸੋਲਾਂ ਸਿੰਗਾਰ ਕਰਕੇ ਜਦ ਵੀ ਉਹ ਏਧਰ ਓਧਰ ਬਾਹਰ ਨਿਕਲਦੀ, ਤਾਂ ਲੋਕੀ ਉਸਨੂੰ ਤੱਕਦੇ ਹੀ ਰਹਿ ਜਾਂਦੇ। ਉਹਨਾਂ ਦਿਨਾਂ 'ਚ ਉਥੇ ਇਕ ਬੜੇ ਵੱਡੇ ਸੇਠ ਰਾਏ ਬਹਾਦਰ ਸੁਖ ਲਾਲ ਕਰਨਾਨੀ ਮਦਨ ਥੀਏਟਰ ਚਲਾ ਰਹੇ ਸਨ, ਨਾਲੇ ਨਵੀਆਂ ਫਿਲਮਾਂ ਬਣਾਉਣ ਦੇ ਮਨਸੂਬੇ ਵੀ। ਮਦਨ ਥੀਏਟਰ ਪੰਜਾਬੀ ਫੰਨਕਾਰਾਂ ਦਾ ਗੜ੍ਹ ਮਿੱਥਿਆ ਜਾਂਦਾ ਸੀ। ਨੂਰ ਜਹਾਨ ਨੇ ਆਪਣਾ ਫਿਲਮੀ ਕੈਰੀਅਰ ਵੀ ਏਥੋਂ ਹੀ ਸ਼ੁਰੂ ਕੀਤਾ ਸੀ। ਸੇਠ ਖੂਬਸੂਰਤ ਕੁੜੀਆਂ ਦੇ ਬੜੇ ਠਰਕੀ ਸਨ। ਉਸਨੂੰ ਨੂਰ ਜਹਾਨ ਦੀ ਟੋਲੀ ਨਾਲ ਆਈ ਕਸੂਰ ਦੀ ਇਕ ਕੁੜੀ ਰਸ਼ੀਦਾ ਬੜੀ ਪਸੰਦ ਆਈ ਸੀ। ਇਸ ਸਾਰੀ ਕਹਾਣੀ ਦਾ ਖੁਲਾਸਾ-ਕਿ ਉਨ੍ਹਾਂ ਦਿਨੀਂ ਪੰਦਰਾਂ ਕੁੜੀਆਂ ਦੀ ਪਲਟਣ ਕਸੂਰ ਤੋਂ ਕਲਕੱਤੇ ਕਿਵੇਂ ਮੰਗਵਾਈ ਗਈ ਸੀ। ਇਕ ਵਾਰ ਪੰਜਾਬੀ ਫਿਲਮਾਂ ਦੇ ਪਿਤਾਮਾ ਕ੍ਰਿਸ਼ਨ ਦੇਵ ਮਹਿਰਾ ਨੇ ਮੈਨੂੰ ਅੰਮ੍ਰਿਤਸਰ ਦੇ ਇਕ ਹੋਟਲ ਵਿਚ ਦੱਸਿਆ ਸੀ,ਜਿੱਥੇ ਉਹ ਬੰਗਲੌਰ ਤੋਂ ਆ ਕੇ ਠਹਿਰੇ ਹੋਏ ਸਨ। ਸਬੱਬੀਂ, ਮੈਂ ਵੀ ਓਸੇ ਹੋਟਲ ਵਿਚ ਸਾਂ। ਅਸਲ ਵਿਚ ਸਾਡੀ ਮੁਲਾਕਾਤ ਅੰਮ੍ਰਿਤਸਰ ਦੇ ਮਸ਼ਹੂਰ ਖਲੀਫਾ ਘਈਓ ਭਲਵਾਨ ਨੇ ਕਰਵਾਈ ਸੀ। ਮਹਿਰਾ ਜੀ ਨੇ ਆਪਣੀ ਸਾਰੀ ਉਮਰ ਕਿਉਂਕਿ ਫ਼ਿਲਮੀ ਖੇਤਰ ਵਿਚ ਬਤੀਤ ਕਰ ਕੀਤੀ ਸੀ, ਇਸ ਲਈ ਉਹਨਾਂ ਕੋਲ ਉਹਨਾਂ ਸਮਿਆਂ ਦੇ ਅਨੇਕ ਕਲਾਕਾਰਾਂ ਦੀਆਂ ਜਾਤੀ ਜੀਵਨੀਆਂ ਸੰਬੰਧੀ ਬੜਾ ਅਨਮੋਲ ਖਜ਼ਾਨਾ ਸੀ।ਮਹਿਰਾ ਜੀ ਦੇ ਦੱਸਣ ਅਨੁਸਾਰ ਸੇਠ ਨੂੰ ਜਿਹੜੀ ਕੁੜੀ ਪਸੰਦ ਆ ਜਾਏ, ਉਸਨੂੰ ਉਹ ਆਪਣੇ ਸੂਟਡਿਓ ਦੇ ਨੇੜੇ ਜੁਦਾ ਫਲੈਟ ਲੈ ਦਿੰਦਾ ਸੀ। ਰਸ਼ੀਦਾ ਨੂੰ ਵੀ ਉਸਨੇ ਫਲੈਟ ਲੈ ਦਿੱਤਾ ਅਤੇ ਜਦ ਹੀ ਉਸਨੇ ਕਜਨ ਨੂੰ ਤੱਕਿਆ ਤਾਂ ਉਹ ਡੌਰ ਭੌਰਾ ਹੋ ਗਿਆ। ਉਸਨੇ ਉਸਨੂੰ ਵੀ ਮੇਕ-ਅੱਪ ਵਾਸਤੇ ਆਪਣੇ ਸਟੂਡਿਓ ਦੇ ਅੰਦਰ ਹੀ ਇਕ ਖੂਬਸੂਰਤ ਫਲੈਟ ਤਿਆਰ ਕਰਵਾ ਕੇ ਦੇ ਦਿੱਤਾ। ਝੂਟਣ ਲਈ ਇਕ ਰੋਡਮਾਸਟਰ ਬਿਊਕ ਕਾਰ ਲੈ ਦਿੱਤੀ। ਇਹ ਉਹਨਾਂ ਦਿਨਾਂ ਦੀਆਂ ਗੱਲਾਂ ਹਨ ਜਦੋਂ ਸਾਰੇ ਕਲਕੱਤੇ ਵਿਚ ਅਮੀਰਜ਼ਾਦਿਆਂ ਕੋਲ ਮਸਾਂ ਵੀਹ ਪੱਚੀ ਕਾਰਾਂ ਹੀ ਹੁੰਦੀਆਂ ਸਨ। ਜਹਾਂ ਆਰਾ ਦੇ ਜੀਵਨ ਢੰਗ, ਜਾਹੋ-ਜਲਾਲ ਅਤੇ ਦੂਜੇ ਤੀਜੇ ਜਲੌ ਸਾਰੇ ਜੇਕਰ ਅਸੀਂ ਏਥੇ ਕਿਸੇ ਵੱਲੋਂ ਅੱਖੀਂ ਡਿੱਠੇ ਗੱਲ ਦਾ ਹਵਾਲਾ ਦੇ ਦੇਈਏ ਤਾਂ ਖਬਰੇ ਹੋਰ ਵੀ ਵਧੇਰੇ ਠੀਕ ਰਹੇਗਾ। ਇਕ ਮੁਲਾਕਾਤੀ ਉਸ ਬਾਰੇ ਇੰਝ ਅੰਕਿਤ ਕਰਦਾ ਹੈ "ਇਹ ਗੱਲ 1942 ਦੀ ਹੈ। ਸੇਠ ਵਿਆਸ ਸਾਹਿਬ ਨੂੰ ਉਨੀ ਖੂਬਸੂਰਤ ਲੜਕੀਆਂ ਬੰਬਈ ਲਿਆਉਣ ਲਈ ਮੈਨੂੰ ਕਲਕੱਤੇ ਭੇਜਿਆ। ਉਹ ਆਪਣੀ ਬਣ ਰਹੀ ਫਿਲਮ 'ਘਰ ਸੰਸਾਰ' ਵਿਚ ਮਿਸ ਕਜਨ ਨੂੰ ਪੇਸ਼ ਕਰਨਾ ਚਾਹੁੰਦੇ ਸਨ। ਅਸਲ ਵਿਚ ਉੱਨੀਂ ਲੜਕੀਆਂ ਨੇ ਕਲਕੱਤੇ ਵਿਚ ਬਣੀ ਇਕ ਫਿਲਮ 'ਮਿਲਾਪ' ਵਿਚ ਡਾਂਸ ਕੀਤਾ ਸੀ ਅਤੇ ਇਕ ਗਾਣਾ ਵੀ ਗਾਇਆ ਸੀ। ਜਦੋਂ ਮੈਨੂੰ ਉਥੋਂ ਉਨੀਂ ਹਸੀਨਾ ਨਾ ਮਿਲੀਆਂ ਤਾਂ ਇਸ ਸੰਬੰਧੀ ਮੈਂ ਮਿਸ ਕਜਨ ਨਾਲ ਗੱਲਬਾਤ ਕੀਤੀ।ਉਹ ਰਾਜ਼ੀ ਹੋ ਗਈ ਅਤੇ ਮੈਂ ਉਸਨੂੰ ਪੰਦਰਾਂ ਸੌ ਰੁਪਏ ਮਹੀਨਾ ਦੇਣ ਲਈ ਸਾਈਨ ਕਰ ਲਿਆ। ਜਦੋਂ ਉਸਨੂੰ ਮੈਂ ਕਲਕੱਤਾ ਵਿਚ ਉਸਦੇ ਘਰ ਮਿਲਿਆ ਤਾਂ ਮੈਨੂੰ ਦੇਖ ਕੇ ਬੜੀ ਹੈਰਾਨੀ ਹੋਈ ਕਿ ਉਸਨੇ ਆਪਣੇ ਘਰ ਵਿਚ ਸ਼ੇਰ ਦਾ ਇਕ ਬੱਚਾ ਪਾਲ ਕੇ ਰੱਖਿਆ ਹੋਇਆ ਹੈ। ਪਿੱਛੋਂ ਗੁਆਂਢੀਆਂ ਦੀ ਸ਼ਿਕਾਇਤ ਕਰਨ ਤੇ ਕਲਕੱਤਾ ਪੁਲਿਸ ਸ਼ੇਰ ਦੇ ਉਸ ਬੱਚੇ ਨੂੰ ਇਹ ਕਹਿ ਕੇ ਲੈ ਗਈ ਸੀ ਕਿ ਕਾਨੂੰਨ ਅਜਿਹੇ ਖੂਨੀ ਦਰਿੰਦੇ ਨੂੰ ਇਨਸਾਨੀ ਆਬਾਦੀ ਵਿਚ ਪਾਲਣ ਦੀ ਆਗਿਆ ਨਹੀਂ ਦਿੰਦਾ। ਸ਼ੇਰਾਂ ਤੋਂ ਮਿਸ ਕਜਨ ਕਦੇ ਵੀ ਨਹੀਂ ਸੀ ਡਰਦੀ। ਸਟੂਡੀਓ 'ਚ ਜਦ ਕਦੇ ਸ਼ੂਟਿੰਗ ਹੁੰਦੀ, ਸ਼ੇਰ ਨੂੰ ਲਿਜਾਇਆ ਜਾਂਦਾ ਤਾਂ ਯੂਨਿਟ ਦੇ ਦੂਜੇ ਸਾਰੇ ਕਲਾਕਾਰਾਂ ਦਾ ਡਰ ਦੇ ਮਾਰੇ ਹਾਲੋਂ ਬੇਹਾਲ ਹੋ ਜਾਂਦਾ, ਪਰ ਮਿਸ ਕਜਨ, ਖੁੱਲ੍ਹੇ ਛੱਡੇ ਤੁਰਦੇ ਫਿਰਦੇ ਸ਼ੇਰ ਨਾਲ ਖੇਡਦੀ ਰਹਿੰਦੀ ਸੀ। ਅੱਜਕੱਲ੍ਹ ਸਾਡੇ ਫਿਲਮ ਸਟਾਰਾਂ ਦੇ ਫੈਸ਼ਨ ਦੇ ਆਮ ਚਰਚੇ ਹਨ, ਪਰ ਮੈਂ ਕਿਸੇ ਹੀਰੋਇਨ ਦੇ ਜੇਕਰ ਅਸ਼ਰਫੀਆਂ ਨਾਲ ਜੜੀ ਸਾੜ੍ਹੀ ਪਹਿਣੀ ਦੇਖੀ ਤਾਂ ਉਹ ਸਿਰਫ ਮਿਸ ਕਜਨ ਹੀ ਸੀ। ਸੈਂਕੜੇ ਹਜ਼ਾਰਾਂ ਅਸ਼ਰਫੀਆਂ ਨਾਲ ਕਢਾਈ ਕੀਤੀ ਸਾੜ੍ਹੀ ਪਹਿਨ ਕੇ ਜਦੋਂ ਉਹ ਪਾਰਟੀਆਂ ਵਿਚ ਸ਼ਰੀਕ ਹੁੰਦੀ ਤਾਂ ਹਰ ਸ਼ਖਸ ਉਸਨੂੰ ਦੇਖਦਾ ਰਹਿ ਜਾਂਦਾ ਸੀ। ਉਸਨੂੰ ਘੋੜ ਸਵਾਰੀ ਦਾ ਵੀ ਬੜਾ ਸ਼ੌਕ ਸੀ। ਫਿਲਮਾਂ ਵਿਚ ਖਤਰਨਾਕ ਤੋਂ ਖਤਰਨਾਕ ਸੀਨ ਉਹ ਖੁਦ ਕਰਦੀ ਸੀ। ਰੀੜ੍ਹ ਦੀ ਹੱਡੀ ਦੀ ਤਕਲੀਫ ਕਾਰਨ ਉਹ ਬੰਬਈ ਛੱਡ ਕੇ ਕਲਕੱਤੇ ਚਲੀ ਗਈ, ਉਥੇ ਹੀ ਉਸਦੀ ਮ੍ਰਿਤੂ ਹੋਈ। ਉਰਦੂ ਦੀ ਉਹ ਬੜੀ ਦਿਲਦਾਦਾ ਸੀ। ਖੁਦ ਵੀ ਸ਼ਿਅਰ ਕਹਿੰਦੀ ਸੀ। ਉਹਦੇ ਘਰ ਅਕਸਰ ਮੁਸ਼ਾਇਰੇ ਹੁੰਦੇ

ਰਹਿੰਦੇ ਸਨ। ਉਸਦੇ ਮੁਲਾਕਾਤੀਆਂ 'ਚ ਮਹਾਰਾਜਾ ਜੈਪੁਰ ਵੀ ਸਨ। "

ਮਿਰਜ਼ਾ ਮੁਸ਼ਰਫ ਨਾਲ ਇੰਟਰਵਿਊ ਵੱਲੋਂ ਜ਼ਹੀਰ ਨਾਸਰ: ਸਫਾ 17-21 ਰਸਾਲਾ ਸ਼ਮਾ, ਦਿੱਲੀ, ਸ਼ੁਮਾਰਾ, ਅਗਸਤ 1981 ਆਪਣੇ ਸਮਿਆਂ 'ਚ ਮਾਸਟਰ ਨਿਸਾਰ ਅਤੇ ਜਹਾ ਆਰਾ ਕਜਨ ਨੇ ਸਾਡੀਆਂ ਪਹਿਲੀਆਂ 'ਟੋਕੀਜ਼' ਜਾਂ 'ਫ਼ਿਲਮਾਂ' 'ਚ ਆਪਣੇ ਰਾਗ ਰੰਗ, ਨਿਰਤ ਅਤੇ ਅਦਾਕਾਰੀ ਦੁਆਰਾ ਹਿੰਦੁਸਤਾਨੀ ਸਟੇਜ 'ਤੇ ਆਪਣਾ ਰੋਲ ਅਦਾ ਕਰਕੇ ਇਕ ਤਰ੍ਹਾਂ ਨਾਲ ਇਨਕਲਾਬ ਪੈਦਾ ਕੀਤਾ। ਜਹਾਂ ਆਰਾ ਤਾਂ ਭਰਪੂਰ ਜੁਆਨੀ ਵਿਚ 1945 'ਚ ਚੜ੍ਹਾਈ ਕਰ ਗਈ ਸੀ। ਪਰ ਮਾਸਟਰ ਨਿਸਾਰ ਦੀ 1972-73 ਵਿਚ ਮੌਤ ਹੋ ਗਈ ਸੀ।

ਆਪ ਪ੍ਰਸਿੱਧ ਰਬਾਬੀ ਭਾਈ ਘਸੀਟਾ ਦੇ ਸਪੁੱਤਰ ਸਨ ਜਿਹੜੇ ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਸਨ ਅਤੇ ਤਾਊਸ ਨਾਲ ਕੀਰਤਨ ਕਰਿਆ ਕਰਦੇ ਸਨ। ਉਹਨਾਂ ਦਾ ਪਰਿਵਾਰ ਢੇਰ ਸਮਾ ਪੰਜਾਬ ਦੇ ਸੁਪ੍ਰਸਿੱਧ ਖਾਨਦਾਨ ਭਾਈ ਅਰਦਮਨ ਸਿੰਘ ਜੀ ਬਾਗੜੀਆ ਦੇ ਘਰ ਕੀਰਤਨ ਦੀ ਸੇਵਾ ਨਿਭਾਉਂਦਾ ਰਿਹਾ।

ਵੀਹਵੀਂ ਸਦੀ ਦੇ ਤੀਹਵਿਆਂ 'ਚ ਸਮਾਂ ਬੜੀ ਤੇਜ਼ੀ ਨਾਲ ਬਦਲਦਾ ਜਾ ਰਿਹਾ ਸੀ। ਜੱਦੀ-ਪੁਸ਼ਤੀ ਕਈ ਪ੍ਰਕਾਰ ਦੀਆਂ ਰਵਾਇਤਾਂ, ਕੀਮਤਾਂ ਤਿੜਕਦੀਆਂ ਜਾਂ ਰਹੀਆਂ ਸਨ। ਫਿਲਮੀ ਸਨਅਤ ਦੀ ਝਿਲਮਿਲ ਅਤੇ ਮਾਇਆ ਦੀ ਝਲਕਾਰ, ਕੱਟੜ ਕਿਸਮ ਦੇ ਕਈ ਕਲਾਕਾਰਾਂ ਨੂੰ ਵੀ ਆਪਣੀ ਵੱਲ ਖਿੱਚੀ-ਧੂਈ ਜਾ ਰਹੀ ਸੀ। ਇਸ ਲਈ, ਕਰੀਬਨ ਉਨ੍ਹੀਂ ਦਿਨੀਂ, ਭਾਵ 1932 ਈ: ਵਿਚ ਭਾਈ ਸਾਈਂ ਦਿੱਤਾ ਦਾ ਸਪੁੱਤਰ ਭਾਈ ਦੇਸਾ ਵੀ ਫਿਲਮੀ ਖੇਤਰ ਵਿਚ ਜਾਣਾ ਚਾਹੁੰਦਾ ਸੀ। ਪਰ ਉਸਦੇ ਸਖਤ ਤਬੀਅਤ ਵਾਲਦ ਭਾਈ ਸਾਈਂ ਦਿੱਤਾ ਉਸਨੂੰ ਸਖਤੀ ਨਾਲ ਮਨ੍ਹਾ ਕਰਦੇ ਗਏ।ਓਸ ਸਾਲ ਜਦੋਂ ਸਾਈਂ ਦਿੱਤਾ ਦਾ ਦੇਂਹਾਤ ਹੋ ਗਿਆ ਤਾਂ ਉਸਦਾ ਰਾਹ ਸਾਫ ਹੋ ਗਿਆ ਅਤੇ ਉਸਨੇ ਮਿਰਜ਼ਾ ਸਾਹਿਬਾਂ ਫਿਲਮ ਵਿਚ ਕੰਮ ਕਰਨ ਦੀ ਝਟਪਟ ਹਾਮੀ ਭਰ ਦਿੱਤੀ ਸੀ। ਬੰਬਈਂ ਗਿਆਂ ਉਸਨੂੰ ਅਜੇ ਥੋੜ੍ਹਾ ਸਮਾ ਹੀ ਹੋਇਆ ਸੀ ਕਿ ਉਸਦੇ ਉਸਤਾਦ ਭਾਈ ਲਾਲ ਦੀ ਤਾਰ ਆ ਗਈ ਕਿ ਮੇਰਾ ਬੜਾ ਬੇਟਾ 'ਨੱਥ'ਵਫਾਤ ਪਾ ਗਿਆ ਹੈ, ਤੂੰ ਛੇਤੀ ਅੰਮ੍ਰਿਤਸਰ ਵਾਪਸ ਪਰਤ ਆ। ਇਸ ਲਈ ਉਹ ਸਾਰਾ ਕੰਮ ਵਿੱਚੇ ਛਡ ਛਡਾ ਕੇ ਵਾਪਸ ਮੁੜ ਆਇਆ। ਉਹਨਾਂ ਸਮਿਆਂ 'ਚ ਚੂਨੀਆ, ਜ਼ਿਲ੍ਹਾ ਲਾਹੌਰ ਦੀ ਜੰਮਪਲ ਖੁਰਸ਼ੀਦ (1912-2001) ਦਾ ਬੜਾ ਬੋਲ ਬਾਲਾ ਸੀ। ਹਰ ਪਾਸੇ ਉਹਦੇ ਨਾਂ ਦੀਆਂ ਧੁੰਮਾਂ ਸਨ। ਉਹ ਰੱਜ ਕੇ ਸੋਹਣੀ ਵੀ ਸੀ, ਗਾਉਂਦੀ ਵੀ ਰੱਜ ਕੇ ਸੋਹਣਾ ਸੀ। ਉਸਦੀ ਗੋਰੀ ਗੋਰੀ ਖੱਬੀ ਗੱਲ੍ਹ 'ਤੇ ਛੋਪ ਜਿਹਾ ਇਕ ਕਾਲਾ ਤਿਲ ਸੀ, ਜਿਸ ਨਾਲ ਦਰਸ਼ਕਾਂ ਦੀ ਹੋਰ ਵੀ ਜਾਨ ਨਿਕਲ ਜਾਂਦੀ ਸੀ। ਦੇਸੇ ਨਾਲ ਹੀਰੋਇਨ ਉਹ ਸੀ। ਕੰਮ ਕਰਦਿਆਂ, ਉਹਨਾਂ ਦੋਹਾਂ ਦੀ ਆਪਸ ਵਿਚੀਂ ਨੇੜਤਾ ਹੋ ਗਈ, ਪਰ ਜਦੋਂ ਉਹ ਪੰਜਾਬ ਆ ਗਿਆ ਤਾਂ ਉਹ ਇਕ ਹੋਰ ਚਾਲਬਾਜ਼ ਐਕਟਰ ਲਾਲ ਯਕੂਬ ਨਾਲ ਫਸ ਗਈ। ਆਖਦੇ ਨੇ ਇਸ਼ਕ ਮੁਸ਼ਕ ਦੀਆਂ ਗੱਲਾਂ ਕਿੱਥੇ ਛੁਪਦੀਆਂ ਹਨ? ਜਦੋਂ ਭਾਈ ਦੇਸਾ ਬੰਬਈ ਪੁੱਜਾ ਤਾਂ ਲੋਕਾਂ ਨੇ ਉਸਨੂੰ ਖੁਰਸ਼ੀਦ-ਯਕੂਬ ਦੇ ਬੜੇ ਬੜੇ ਕਿੱਸੇ ਸੁਣਾਏ। ਆਪਸ ਵਿਚ ਮਾਰ ਕੁਟਾਈ ਵੀ ਹੋਈ ਅਤੇ ਉਸਦਾ ਦਿਲ ਟੁੱਟ ਗਿਆ। ਸੰਨ 1934 ਵਿਚ ਜਦੋਂ ਰਸ਼ਕਿ-ਲੈਲਾ ਬਣੀ ਤਾਂ ਉਸ ਵਿਚ ਭਾਈ ਦੇਸਾ ਨੇ ਕੰਮ ਕੀਤਾ ਸੀ। ਹੌਲੀ ਹੌਲੀ ਸਮਾ ਬੀਤਦਾ ਗਿਆ, ਜਦ ਨੂੰ ਫਿਲਮ 'ਤਾਨ ਸੈਨ' ਬਣਨ ਦਾ ਐਲਾਨ ਹੋ ਗਿਆ। ਉਸ ਵਿਚ ਵੀ ਹੀਰੋਇਨ ਏਹੀ ਸੂਰਜੀ-ਮੁਖੜਾ (ਮਾਅਨਵੀਂ ਤੌਰ 'ਤੇ ਖੁਰਸ਼ੀਦ ਦਾ ਭਾਵ ਹੀ ਸੂਰਜ ਹੁੰਦਾ ਹੈ) ਖੁਰਸ਼ੀਦ ਹੀ ਸੀ। ਗਾਉਣ ਵਾਸਤੇ, ਫਿਲਮਸਾਜ਼ਾਂ ਦੀ ਮਨ ਭਾਉਂਦੀ ਚੋਣ ਪਹਿਲਾਂ ਭਾਵੇਂ ਭਾਈ ਦੇਸਾ ਸੀ, ਪਰ ਉਹ ਗ਼ੈਰਤਮੰਦ ਇਨਸਾਨ ਖੁਰਸ਼ੀਦ ਨਾਲ ਕੰਮ ਕਰਨ ਲਈ ਜਦੋਂ ਰਜ਼ਾਮੰਦ ਨਾ ਹੋਇਆ ਤਾਂ ਉਸਦਾ ਰੋਲ ਫਿਰ ਕੁੰਦਨ ਲਾਲ ਸਹਿਗਲ ਨੂੰ ਦੇ ਦਿੱਤਾ ਸੀ। ਉਹ 1942-43 ਦੀਆਂ ਗੱਲਾਂ ਹਨ। ਸੰਨ 1933-34 ਦੇ ਕਰੀਬ ਇਕ ਹੋਰ ਫਿਲਮ ਜਦੋਂ 'ਇਸ਼ਕ ਪੰਜਾਬ' ਬਣਾਈ ਗਈ ਤਾਂ ਉਸ ਵਿਚ ਵੀ ਖੁਰਸ਼ੀਦ ਅਤੇ ਉਸ ਵੇਲੇ ਦੇ ਮਸ਼ਹੂਰ ਰਬਾਬੀ ਭਾਈ ਛੈਲਾ ਪਟਿਆਲਾ ਵਾਲੇ ਨੇ ਕੰਮ ਕੀਤਾ ਸੀ।

ਪੰਜਾਬੀਆਂ ਨੇ ਜ਼ਿੰਦਗੀ ਦੇ ਵੱਖ ਵੱਖ ਖੇਤਰਾਂ 'ਚ ਭਾਵੇਂ ਕਿ ਵੱਡੀਆਂ-ਵੱਡੀਆਂ ਗੱਲਾਂ ਮਾਰੀਆਂ ਹਨ, ਪਰ ਹਿੰਦੁਸਤਾਨ ਵਾਲਿਆਂ ਨੇ ਸਾਨੂੰ ਬਣਦਾ ਸਰਦਾ ਸਨਮਾਨ ਕਦੇ ਵੀ ਨਹੀਂ ਦਿੱਤਾ। ਏਹੀ ਗੱਲ ਸ੍ਰੀ ਕੇ.ਡੀ. ਮਹਿਰਾ ਨੇ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਵੱਲੋਂ 1980 ਵਿਚ ਮਨਾਏ ਗਏ ਸਿਲਵਰ ਜੁਬਲੀ ਸਮਾਗਮ 'ਤੇ ਆਪਣੀ ਵੱਲੋਂ ਪੜ੍ਹੇ ਗਏ ਪਰਚੇ, "                ' ਵਿਚ ਆਖੀ ਸੀ,

ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦਾ ਸਿਲਵਰ ਜੁਬਲੀ ਵਰ੍ਹੇ ਗੰਢ ਬਰੋਸ਼ਰ ਸਫਾ 206 ਅਕਤੂਬਰ 1980) ਭਾਵ ਕਿ ਹਿੰਦੀ ਸਿਨਮੇ ਦੇ ਵਿਕਾਸ ਵਿਚ ਪੰਜਾਬੀ ਫਿਲਮ ਇੰਡਸਟਰੀ ਨੇ ਸੁਗਾਤ ਵਜੋਂ ਭਾਵੇਂ ਕਿ ਆਪਣਾ ਖੂਬਸੂਰਤ ਹਿੱਸਾ ਪਾਇਆ ਪਰ ਅਫਸੋਸ ਦੀ ਗੱਲ ਹੈ ਕਿ 'ਇੰਡੀਅਨ ਫਿਲਮਾਂ ਦੀ ਪੌਣੀ ਸਦੀ' ਵਾਲੀ ਡਾਕੂ ਡਾਕੂਮੈਂਟਰੀ ਫਿਲਮ ਦੇ ਪ੍ਰੋਡਿਊਸਰ ਨੇ ਉਸ ਵਿਚ ਪੰਜਾਬੀਆਂ ਦਾ ਕੋਈ ਜ਼ਿਕਰ ਤਕ ਵੀ ਨਹੀਂ ਕੀਤਾ।" ਕਹਿਣ ਤੋਂ ਮੁਰਾਦ ਇਹ ਕਿ ਸਾਨੂੰ ਪੰਜਾਬੀਆਂ ਨੂੰ ਆਪਣਾ ਸਭਿਆਚਾਰਕ ਇਤਿਹਾਸ ਆਪ ਹੀ ਲਿਖਣਾ ਪੈਣਾ ਹੈ। ਸਮੇਂ ਦੀ ਧਾਰਾ ਭਾਵੇਂ ਕਿ ਪੂਰੀ ਦੀ ਪੂਰੀ ਸਾਡੇ ਖਿਲਾਫ ਚਲ ਰਹੀ ਹੈ, ਤਾਂ ਵੀ ਪੰਜਾਬੀ, ਖਾਸ ਕਰਕੇ ਸਿੱਖ ਸਭਿਆਚਾਰ ਦੀ ਹਰ ਖੇਤਰ ਵਿਚ ਆਪਣੀ ਹੀ ਅਲੱਗ, ਜੁਦੀ ਪਛਾਣ ਹੈ ਜਿਸ 'ਤੇ ਸਾਰੇ ਹਿੰਦੁਸਤਾਨ ਨੂੰ ਪੂਰਾ ਨਾਜ਼ ਹੋਣਾ ਚਾਹੀਦਾ ਹੈ। ਏ. ਆਰ. ਕਾਰਦਾਰ ਲਾਹੌਰੀ (1904-89) ਦੱਲਸੁੱਖ ਪੰਚੋਲੀ (1906-59) ਪੰਚੋਲੀ ਆਰਟ ਸਟੂਡਿਓ ਲਾਹੌਰ ਵਾਲੇ, ਪ੍ਰਿਥਵੀ ਰਾਜ ਕਪੂਰ, ਕੇ. ਡੀ. ਮਹਿਰਾ, ਕੁੰਦਨ ਲਾਲ ਸਹਿਗਲ (1904-1947) ਕਿਦਾਰ ਨਾਥ ਸ਼ਰਮਾ ਸੰਗੀਤ ਨਿਰਦੇਸ਼ਕ (ਜਨਮ 1910-ਨਾਰੋਆਲ ਜ਼ਿਲ੍ਹਾ ਸਿਆਲਕੋਟ) ਬਲਰਾਜ ਸਾਹਨੀ, ਦਲੀਪ ਕੁਮਾਰ (ਅਸਲ ਨਾਂ ਯੂਸਫ ਖਾਂ ਜਨਮ 11 ਦਸੰਬਰ 1922 ਪਿਸ਼ਾਵਰ) ਆਦਿ ਵਰਗੇ ਮਹਾਨ ਕਲਾਕਾਰਾਂ ਦੀ ਦੇਣ ਨੂੰ ਕਿਹੜਾ ਵਿਅਕਤੀ ਭੁੱਲ ਸਕਦਾ ਹੈ? ਲੇਡੀ ਸਿੰਗਰਾਂ ਜਾਂ ਹੀਰੋਇਨ ਦੀ ਫ੍ਰਿੱਸਤ ਬਣਾਉਣ ਲੱਗੀਏ ਤਾਂ ਉਹ ਵੀ ਬੜੀ ਲੰਮੀ ਹੈ। ਏਥੇ ਸਿਰਫ ਇਹ ਇਤਿਹਾਸਕ ਸੱਚਾਈ ਲਿਖ ਦੇਣੀ ਹੀ ਕਾਫੀ ਹੈ ਕਿ ਹਿੰਦੁਤਸਤਾਨ ਭਰ ਦੀਆਂ ਤਿੰਨ ਬਹੁਤ ਵੱਡੀਆਂ ਗਾਉਣ ਵਾਲੀਆਂ ਤ੍ਰੀਮਤਾਂ ਭਾਵ ਕਿ ਸਮਸ਼ਾਦ ਬੇਗ਼ਮ, ਨੂਰ ਜਹਾਨ ਅਤੇ ਲਤਾ ਮੰਗੇਸ਼ਵਰ, ਸੁਪ੍ਰਸਿੱਧ ਰਬਾਬੀ ਮਾਸਟਰ ਗੁਲਾਮ ਹੈਦਰ (1906-1953) ਦੀਆਂ ਦਰਿਆਫਤਾਂ, ਲੱਭਤਾਂ ਜਾਂ ਕਾਢਾਂ ਸਨ, ਜਿਹਨਾਂ ਨੂੰ ਸਾਰੀ ਦੁਨੀਆਂ ਤਾ ਕਿਆਮਤ ਯਾਦ ਰੱਖੇਗੀ।

ਏਸੇ ਤਰ੍ਹਾਂ ਰਸ਼ੀਦ ਅਤਰ (1910-1967) ਅੰਮ੍ਰਿਤਸਰੀ ਵਰਗੇ ਸੰਗੀਤ-ਨਿਰਦੇਸ਼ਕ ਵੀ ਕਦੇ ਕਦੇ ਹੀ ਜਨਮ ਲੈਂਦੇ ਹਨ। ਇਕ ਵੇਰ ਪ੍ਰਸਿੱਧ ਸ਼ਾਇਰ ਸੂਫੀ ਗੁਲਾਮ ਮੁਸਤਫਾ ਦੁਬੱਸਮ ਅੰਮ੍ਰਿਤਸਰੀ ਨੇ ਉਸ ਬਾਰੇ ਕੁਝ ਸ਼ਿਅਰ ਕਹੇ ਸਨ ਜਿਹਨਾਂ ਵਿਚੋਂ ਇਕ ਇਹ ਵੀ ਹੈ:

ਜਿਸ ਸਿਮਤ ਨਜ਼ਰ ਉਠੀ, ਆਵਾਜ਼ ਤੇਰੀ ਪਾਈ

1947 ਵਿਚ ਪਾਕਿਸਤਾਨ ਬਣਿਆ ਤਾਂ ਰਬਾਬੀਆਂ ਦੇ ਜਾਣੋ ਅਬਦਿਨ ਆ ਗਏ। ਨਵਾਂ ਦੇਸ਼ ਬਣਨ ਨਾਲ ਨਫੇ ਵਾਲਿਆਂ ਨੂੰ ਤਾਂ ਭਾਵੇਂ ਨਫਾ ਹੋਇਆ ਹੋਵੇਗਾ, ਪਰ ਸਭ ਤੋਂ ਵੱਧ ਨੁਕਸਾਨ ਇਹਨਾਂ ਰਬਾਬੀਆਂ ਦਾ ਹੀ ਹੋਇਆ। ਉਹਨਾਂ ਵਿਚਾਰਿਆਂ ਨਾਲ ਤਾਂ ਉਹ ਗੱਲ ਹੋਈ, ਜਿਵੇਂ ਉਹ ਨਾ ਇਧਰ ਦੇ ਰਹੇ ਨਾ ਉਧਰ ਦੇ ਰਹੇ। ਜਿੰਨੀ ਉਹਨਾਂ ਦੀ ਏਧਰ ਇੱਜ਼ਤ ਸੀ, ਉਥੇ ਉਨੀ ਹੀ ਨਿਰਾਦਰੀ ਹੋਈ। ਫਿਰ ਵੀ ਸੰਗੀਤ ਕਿਉਂਕਿ ਉਹਨਾਂ ਦੇ ਖੂਨ ਵਿਚ ਰਚਿਆ ਹੋਇਆ ਸੀ, ਇਸ ਲਈ ਠਿੱਭਲ-ਠੋਲੇ ਖਾਂਦੇ ਉਹਨਾਂ ਵਿਚੋਂ ਕੁਝ ਵੁਥੇ ਦੀ ਫਿਲਮ ਇੰਡਸਟਰੀ ਵੱਲ ਚਲੇ ਗਏ, ਕੁਝ ਆਰਕੈਸਟਰੇ ਵਿਚ ਸਮੋਏ ਗਏ ਅਤੇ ਕੁਝ ਨੇ ਕੱਵਾਲੀ ਵੱਲ ਨੂੰ ਰੁੱਖ ਕੀਤਾ। ਅੱਜ ਉਹ ਭਾਵੇਂ ਕਿਸੇ ਕਾਰਨ ਆਪਣਾ ਸਹੀ ਪਿਛੋਕੜ ਦੱਸਣ ਤੋਂ ਝਿਜਕਦੇ ਹੋਣ, ਪਰ ਅਸਲੀਅਤ ਇਹ ਹੈ ਕਿ ਪਾਕਿਸਤਾਨੀ ਫੰਨਕਾਰਾਂ ਵਿਚੋਂ ਸੱਤਰ ਅੱਸੀ ਫੀਸਦੀ ਦਾ ਪਿੱਛਾ ਰਬਾਬੀ ਖਾਨਦਾਨ ਨਾਲ ਹੀ ਜੁੜਦਾ ਹੈ। (ਵਧੇਰੇ ਵਿਸਥਾਰ ਲਈ ਦੇਖੋ ਕਰਤਾ ਦੀ ਨਵੀਂ ਛਪੀ ਕਿਤਾਬ-ਪੰਜਾਬ ਦੇ ਪ੍ਰਸਿੱਧ ਰਾਗੀ-ਰਬਾਬੀ : 1604-2004 ਤੱਕ)

**2, Albert Road, Liford, Essex IG1 1HN (UK),**

**ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ**

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ,**
**ਨਵੀਂ ਦਿੱਲੀ 110 060 ਫੋਨ : 25862955**

# ਸਤਰੰਗੀ ਸਾਧਨਾ-ਸੰਗੀਤ

## ਕਰਤਾਰ ਸਿੰਘ ਨੀਲਧਾਰੀ

ਗੰਭੀਰਤਾ ਨਾਲ ਵਿਚਾਰਿਆ ਜਾਵੇ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਸ੍ਰਿਸ਼ਟੀਕਰਤਾ ਨੇ ਸ੍ਰਿਸ਼ਟੀ ਦੀ ਰਚਨਾ ਸੰਗੀਤ ਬੱਧ ਤਰੀਕੇ ਨਾਲ ਕੀਤੀ ਹੈ। ਸੱਤ ਆਕਾਸ਼ਾਂ ਤੇ ਸੱਤ ਪਾਤਾਲਾਂ ਵਿਚ ਸਿਮਟੀ ਸਾਡੇ ਸੂਰਜ ਪਰਿਵਾਰ ਦੀ ਪ੍ਰਮੁੱਖ ਰਚਨਾ ਇਸ ਪ੍ਰਿਥਵੀ ਵਿਚ ਸੰਗੀਤ ਦੇ ਵੀ ਸੱਤ ਹੀ ਸੁਰ ਹਨ। ਇਹਨਾਂ ਸੱਤ ਸੁਰਾਂ ਦੇ ਮਿਸ਼ਰਣ ਨਾਲ ਹੀ ਰਾਗ-ਰਾਗਨੀਆਂ ਦਾ ਸਰੂਪ ਘੜਿਆ ਜਾਂਦਾ ਹੈ। ਸੁਰ-ਸਾਧਨਾਂ ਅਤੇ ਅਲਾਪ-ਨਾਦ ਅਭਿਆਸ ਦੇ ਖੋਜੀ ਸੱਤ ਸੁਰਾਂ ਨਾਲ ਹੀ ਨਵੇਂ ਨਵੇਂ ਰਾਗ-ਰਾਗਨੀਆਂ ਦੀ ਰਚਨਾ ਕਰਦੇ ਆ ਰਹੇ ਹਨ। ਸੁਰ ਸਾਧਨਾਂ ਅਤੇ ਨਾਦ-ਆਲਾਪ ਦੇ ਅਭਿਆਸ ਨਾਲ ਸਰੀਰ, ਸਿਹਤ ਅਤੇ ਮਾਨਸਿਕਤਾ ਨੂੰ ਵੱਖਰਾ ਹੀ ਬਲ ਮਿਲਦਾ ਹੈ। ਸੰਗੀਤ ਸਾਧਨਾਂ ਆਪਣੇ ਆਪ ਵਿਚ ਇਕ ਏਕਾਗਰਤਾ ਭਰਿਆ ਤਪ ਹੈ। ਇਹ ਤਪ ਕਿਸੇ ਹਠਯੋਗ ਤੋਂ ਘੱਟ ਅਉਖਾ ਨਹੀਂ। ਗੁਰੂ-ਸ਼ਿਸ਼ ਪਰੰਪਰਾ ਵਿਚ ਗੁਰੂ ਦੀ ਸੇਵਾ ਕਰਕੇ ਉਸ ਕੋਲੋਂ ਉਸ ਦੇ ਅਨੁਭਵ ਦੇ ਖਜ਼ਾਨੇ ਦਾ ਪ੍ਰਸ਼ਾਦ ਲਿਆ ਜਾਂਦਾ ਹੈ ਅਤੇ ਆਪਣੀ ਅਭਿਆਸ ਸਾਧਨਾਂ ਨਾਲ ਉਸ ਖਜਾਨੇ ਦਾ ਵਿਕਾਸ ਕਰਨ ਵਾਲੇ ਹੀ ਸੰਸਾਰ ਵਿਚ ਸਫਲਤਾ ਦਾ ਸਿਹਰਾ ਬੰਨ੍ਹਦੇ ਆ ਰਹੇ ਹਨ।

ਸੰਗੀਤ ਸਾਧਕ ਨੂੰ ਸੰਗੀਤ ਅਭਿਆਸ ਵਿਚ ਕੁਸ਼ਲਤਾ ਪ੍ਰਾਪਤ ਕਰਨ ਲਈ ਆਹਾਰ ਵਿਚ ਕਈ ਪ੍ਰਕਾਰ ਦੇ ਸੰਜਮ ਰੱਖਣੇ ਜ਼ਰੂਰੀ ਹੁੰਦੇ ਹਨ। ਸੰਗੀਤ ਸਾਧਨਾਂ ਵਿਚ ਗੜੁੱਚ ਸਾਧਕ ਦੇ ਵਿਚਾਰ ਸਾਧਨਾ ਦੀ ਸਫਲਤਾ ਦੇ ਦੁਆਲੇ ਗੇੜੇ ਢੱਕਦੇ ਰਹਿੰਦੇ ਹਨ। ਸਾਧਨਾ ਦੀ ਸਫਲਤਾ ਲਈ ਮਨ ਦੀ ਇਕਾਗਰਤਾ ਜ਼ਰੂਰੀ ਹੁੰਦੀ ਹੈ ਅਤੇ ਸੰਗੀਤ ਸਾਧਕ ਇਸ ਇਕਾਗਰਤਾ ਤੇ ਲਗਨ ਨਾਲ ਹੀ ਨਵੇਂ ਰਾਗ ਰਾਗਨੀਆਂ ਦੀ ਘਾੜਤ ਕਰਨ ਵਿਚ ਸਫਲ ਹੋ ਸਕਦਾ ਹੈ। ਸੰਗੀਤਕਾਰ ਜੇਕਰ ਸੰਗੀਤ ਸੁਰ ਸਾਧਨਾ ਵਿਚ ਲੋਕਰੰਜਨ ਦੀ ਥਾਂ ਭਗਤੀ ਨਾਲ ਪ੍ਰਵਿਰਤ ਹੋ ਜਾਂਦਾ ਹੈ ਤਾਂ ਭਗਤੀ ਬੜੀ ਛੇਤੀ ਸਫਲਾ ਹੋ ਜਾਂਦੀ ਹੈ। ਭਗਤੀ ਅਰਾਧਨਾ ਲਈ ਜ਼ਰੂਰੀ ਲਗਨ (ਸ਼ਰਧਾ-ਵਿਸ਼ਵਾਸ) ਨਾਲ ਉਸਦੇ ਮਨ ਦਾ ਬਿਖਰਾਵ ਮਿਟ ਚੁੱਕਿਆ ਹੁੰਦਾ ਹੈ ਅਤੇ ਇਕਾਰਗਤਾ ਇਕ ਪੜਾਵ ਤੇ ਪੁੱਜ ਕੇ ਹੀ ਉਹ ਸੰਗੀਤ-ਗਾਇਨ ਵਾਦਕ ਦਾ ਅਸਲੀ ਰਸ ਲੈ ਸਕਦਾ ਹੈ ਅਤੇ ਸ੍ਰੋਤਿਆਂ ਨੂੰ ਵੰਡਣ ਵਿਚ ਸਫਲ ਹੁੰਦਾ ਹੈ।

ਗੁਣ ਗੋਵਿੰਦ ਗਾਵਹੁ ਸਭਿ ਹਰਿਜਨ,

ਰਾਗ ਰਤਨ ਰਸਨਾ ਆਲਾਪ॥ (ਪੰਨਾ 818)

ਸੰਗੀਤ ਦੀ ਅੰਮ੍ਰਿਤਧਾਰਾ ਨਾਲ ਬਣੀ ਹੋਈ ਸਾਂਝ ਹੀ ਸੰਗੀਤਕਾਰ ਨੂੰ ਸ੍ਰੋਤਿਆਂ ਵਿਚ ਪ੍ਰਸ਼ੰਸਾਯੋਗ ਬਣਾਉਂਦੀ ਹੈ। ਇਸੇ ਕਰਕੇ ਜਿਹੜੇ ਰਾਗੀ ਕੀਰਤਨੀਏ ਗੁਰਬਾਣੀ ਦੇ ਭਾਵ ਅਰਥ ਨਾਲ ਜੁੜ ਕੇ ਕੀਰਤਨ ਕਰਦੇ ਹਨ ਉਹ ਆਪ ਵੀ ਅਲੌਕਿਕ ਅੰਮ੍ਰਿਤ ਰਸ ਦਾ ਪਾਨ ਕਰਦੇ ਹਨ ਅਤੇ ਸ੍ਰੋਤਾ ਸੰਗਤਾਂ ਨੂੰ ਵੀ ਮੰਤ੍ਰ ਮੁਗਧ ਕਰ ਦਿੰਦੇ ਹਨ। ਸ਼ਬਦ ਵਿਸ਼ੇਸ਼ ਜਾਂ ਗਾਇਨ ਕੇਵਲ ਕੰਠ ਤੋਂ ਹੋ ਰਿਹਾ ਹੈ ਜਾਂ ਹਿਰਦੇ ਤੋਂ ਹੋ ਰਿਹਾ ਹੈ। ਇਸ ਦੀ ਕਸੌਟੀ ਇਹੋ ਹੈ ਕਿ ਕੰਠ ਦਾ ਗਾਇਆ ਸ਼ਬਦ ਕੰਨਾਂ ਤਕ ਪੁੱਜਦਾ ਹੈ ਅਤੇ ਹਿਰਦੇ ਚੋਜ ਨਿਕਲਿਆ ਗਾਇਨ ਸ੍ਰੋਤੇ ਦੇ ਹਿਰਦੇ ਨੂੰ ਟਕੋਰਦਾ ਹੈ। ਭਗਤੀ ਨਾਲ ਜੁੜੇ ਕੀਰਤਨੀਏ ਆਪਣੀ ਸੰਜਮੀ ਜੀਵਨ ਸ਼ੈਲੀ ਵਿਚ ਮਨ ਦੀ ਲਗਨ ਨਾਲ ਅਨਹਦ ਨਾਦ ਨਾਲ ਸਾਂਝ ਪਾਉਣ ਵਿਚ ਵੀ ਸਫਲ ਹੋ ਜਾਂਦੇ ਹਨ ਤੇ ਸੰਸਾਰ ਵਿਚ ਸੰਤ-ਮਹਾਂਪੁਰਸ਼ ਸੱਦੇ ਜਾਂਦੇ ਹਨ। ਆਟਾ ਮੰਡੀ ਅੰਮ੍ਰਿਤਸਰ ਦੇ ਬਾਬਾ ਸ਼ਾਮ ਸਿੰਘ ਜੀ ਅਜਿਹੇ ਸੰਤ ਰਾਗੀ ਹੋਏ ਹਨ ਜਿਹਨਾਂ ਦੀ ਤੁਲਨਾ ਵਿਚ ਪੱਖੋਂ ਬਾਬਾ ਹਰੀਦਾਸ ਜੀ ਨਾਲ ਕੀਤੀ ਜਾ ਸਕਦੀ ਹੈ। ਬਾਬਾ ਸ਼ਾਮ ਸਿੰਘ ਜੀ ਤੋਂ ਹੀ ਪ੍ਰੇਰਣਾ ਲੈ ਕੇ ਬਾਬਾ

ਗੁਰਮੁਖ ਸਿੰਘ ਜੀ ਨੇ ਸਰੋਵਰ ਦੀ ਹੰਸਾਲੀ ਦੀ ਸੇਵਾ ਆਰੰਭੀ ਸੀ ਅਤੇ ਅੱਜ ਕਾਰ ਸੇਵਾ ਦਾ ਬੋਹੜ ਵੱਡਾ ਸੰਪ੍ਰਦਾਇਕ ਸੰਗਠਨ ਬਣ ਚੁੱਕਿਆ ਹੈ ਅਤੇ ਪਿਛੇ ਸੱਤ ਦਹਾਕਿਆਂ ਵਿਚ ਗੁਰਦਵਾਰਿਆਂ ਦਾ ਵਿਕਾਸ ਸੰਸਾਰੀਆਂ ਨੂੰ ਅਚੰਭਿਤ ਕਰਦਾ ਹੈ।

ਚਰਚਾ ਸੰਗੀਤ ਸਾਧਨਾ ਦੀ ਚਲੀ ਸੀ ਜੋ ਭਗਤੀ, ਮਾਨਸਿਕ ਸ਼ਕਤੀ, ਤੇ ਪੜਾਅ ਲੰਘ ਕੇ ਕਾਰ ਸੇਵਾ ਜਾਂ ਸਮਾਜ ਸੇਵਾ ਦੇ ਆਦਰਸ਼ਾਂ ਦੇ ਬਿਆਨ ਵੱਲ ਤੁਰ ਪਈ ਸੀ। ਸੰਗੀਤ ਦੇ ਸੱਤ ਸੁਰਾਂ ਦੇ ਗਾਇਨ ਨਾਲ ਸਰੀਰ ਅਤੇ ਸਿਹਤ ਨੂੰ ਕੀ ਬਲ ਮਿਲਦਾ ਹੈ ਇਸ ਦਾ ਵਿਚਾਰ ਇਸ ਲੇਖ ਦਾ ਮੁੱਖ ਵਿਸ਼ਾ ਹੈ। ਸੰਗੀਤ ਦੇ ਸੱਤ ਸੁਰਾਂ ਦੇ ਨਾਲ ਹਨ, ਸਾ, ਰੇ, ਗ, ਮ, ਪ, ਧ, ਨਿ। ਇਹਨਾਂ ਸੁਰਾਂ ਦੇ ਉਦਗਮ ਸਥਾਨ, ਸੁਭਾਵ ਅਤੇ ਅਧਿਸ਼ਠਾ ਦੇ ਚਿੰਤਨ ਨਾਲ ਪ੍ਰਕਿਰਤੀ ਦੀ ਸੁਰ ਸੰਗੀਤ ਵਿਧਾ ਨਾਲ ਸੁਮੇਲ ਦਾ ਮਨਨ ਜ਼ਰੂਰ ਆਨੰਦਕਾਰੀ ਲੱਗੇਗਾ। ਜਦੋਂ ਚਿੰਤਨ ਮਨਨ ਸੰਗੀਤ ਦਾ ਹੋਵੇ ਤਾਂ ਫੇਰ ਮਾਨਸਿਕ ਤਣਾਓ ਦਾ ਕੀ ਕੰਮ ਹੈ ਅਤੇ ਆਉ ਸੱਤ ਸੁਰਾਂ ਨੂੰ ਗੁਣਗੁਣਾ ਲਈਏ।

ਪੰਚ ਬਜਿਤ੍ਰ ਕਰੇ ਸੰਤੋਖਾ

ਸਾਤ ਸੁਰਾ ਲੈ ਚਾਲੇ॥ (ਪੰਨਾ 885)

ਸਾ (ਸ਼ਡਜ) – ਨਾਸਿਕਾ, ਕੰਠ, ਹਿਰਦਾ, ਤਾਲੂ, ਜੀਭ ਅਤੇ ਦੰਦ– ਇਹਨਾਂ ਛੇ ਥਾਵਾਂ ਦੇ ਸਹਿਯੋਗ ਨਾਲ ਪੈਦਾ ਹੋਣ ਕਰਕੇ ਹੀ ਇਸਨੂੰ ਸ਼ਡਜ਼ ਕਹਿੰਦੇ ਹਨ। ਹੋਰ ਛੇ ਸੁਰਾਂ ਦੀ ਉਤਪਤੀ ਦਾ ਆਧਾਰ ਹੋਣ ਕਾਰਨ ਵੀ ਇਸ ਨੂੰ ਸ਼ਡਜ ਕਿਹਾ ਜਾਂਦਾ ਹੈ। ਇਸਦਾ ਸੁਭਾਵ ਠੰਡਾ, ਰੰਗ ਗੁਲਾਬੀ ਅਤੇ ਸਥਾਨ ਨਾਭੀ ਪ੍ਰਦੇਸ਼ ਹੈ। ਇਸਦਾ ਦੇਵਤਾ ਅਗਨੀ ਹੈ। ਇਸ ਸੁਰ ਪਿਤਜ ਰੋਗਾਂ ਦਾ ਨਾਸ ਕਰਦਾ ਹੈ। ਉਦਾਹਰਣ–ਮੋਰ ਦਾ ਸੁਰ ਸ਼ਡਜ ਹੁੰਦਾ ਹੈ।

ਰੇ (ਰਿਸ਼ਭ)– ਨਾਭੀ ਤੋਂ ਉੱਠਦਾ ਹੋਇਆ ਵਾਯੂ ਜਦੋਂ ਕੰਠ ਅਤੇ ਸ਼ੀਰਸ਼ (ਤਾਲੂ) ਨਾਲ ਟਕਰਾ ਕੇ ਧਵਨੀ ਕਰਦਾ ਹੈ ਤਾਂ ਉਸ ਸੁਰ ਨੂੰ ਰੇ(ਰਿਸ਼ਭ) ਕਹਿੰਦੇ ਹਨ। ਇਸਦੀ ਪ੍ਰਕਿਰਤੀ ਸ਼ੀਤਲ ਅਤੇ ਖੁਸ਼ਕ, ਰੰਗ ਹਰਾ ਅਤੇ ਪੀਲਾ ਮਿਲਿਆ ਹੋਇਆ ਅਤੇ ਸਥਾਨ ਹਿਰਦੇ–ਪ੍ਰਦੇਸ਼ ਹੈ। ਇਸਦਾ ਦੇਵਤਾ ਬ੍ਰਹਮਾ ਹੈ। ਇਹ ਸੁਰ ਕਫ ਅਤੇ ਪਿਤ ਪ੍ਰਧਾਨ ਰੋਗਾਂ ਦਾ ਨਿਰਾਕਰਣ ਕਰਦਾ ਹੈ। ਉਦਾਹਰਣ – ਪਪੀਹੇ ਦਾ ਸੁਰ ਰਿਸ਼ਭ ਹੁੰਦਾ ਹੈ।

ਗ (ਗੰਧਾਰ)– ਨਾਭੀ ਤੋਂ ਉੱਠਿਆ ਵਾਯੂ ਜਦੋਂ ਕੰਠ ਅਤੇ ਤਾਲੂ ਨਾਲ ਟਕਰਾ ਕੇ ਨਾਸਿਕਾ ਦੀ ਗੰਧ ਨਾਲ ਰਲ ਕੇ ਨਿਕਲਦਾ ਹੈ ਤਾਂ ਇਸਨੂੰ ਗੰਧਾਰ ਕਹਿੰਦੇ ਹਨ। ਇਸਦਾ ਸੁਭਾਵ ਠੰਡਾ, ਰੰਗ ਨਾਰੰਗੀ ਅਤੇ ਸਥਾਨ ਫੇਫੜਿਆਂ ਵਿਚ ਹੈ। ਇਸਦਾ ਦੇਵਤਾ ਸਰਸਵਤੀ ਹੈ। ਇਹ ਪਿਤਜ ਰੋਗਾਂ ਦਾ ਨਾਸ਼ ਕਰਦਾ ਹੈ। ਉਦਾਹਰਣ – ਬਕਰੇ ਦਾ ਸੁਰ ਗੰਧਾਰ ਹੁੰਦਾ ਹੈ।

ਮ (ਮਧਿਆਮ) – ਨਾਭੀ ਤੋਂ ਉੱਠਿਆ ਵਾਯੂ ਜਦੋਂ ਉਰ ਪ੍ਰਦੇਸ਼ ਦੇ ਹਿਰਦੇ ਨਾਲ ਟਕਰਾ ਕੇ ਮੱਧ ਭਾਗ ਵਿਚ ਨਾਦ ਕਰਦਾ ਹੈ ਤਾਂ ਉਸਨੂੰ ਮੱਧਮ ਸੁਰ ਕਹਿੰਦੇ ਹਨ। ਇਸਦਾ ਸੁਭਾਵ ਖੁਸ਼ਕ, ਰੰਗ ਗੁਲਾਬੀ ਅਤੇ ਪੀਲਾ ਮਿਸ਼੍ਰਿਤ ਅਤੇ ਸਥਾਨ ਕੰਠ ਹੈ। ਇਸਦੀ ਪ੍ਰਕਿਰਤੀ ਚੰਚਲ ਹੈ ਅਤੇ ਇਸ ਸੁਰ ਦਾ ਦੇਵਤਾ ਮਹਾਦੇਵ ਹੈ। ਇਹ ਵਾਤ ਤੇ ਕਫ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਕਊਆ ਮਧਿਅਮ ਸੁਰ ਵਿਚ ਬੋਲਦਾ ਹੈ।

ਪ (ਪੰਚਮ)– ਨਾਭੀ, ਉਹ ਹਿਰਦਾ, ਕੰਠ ਅਤੇ ਸ਼ੀਰਸ਼–ਇਹਨਾਂ ਪੰਜ ਸਥਾਨਾਂ ਨੂੰ ਸਪਰਸ਼ ਕਰਨ ਕਰਕੇ ਇਸ ਸੁਰ ਨੂੰ ਪੰਚਮ ਕਹਿੰਦੇ ਹਨ। ਸੱਤ ਸੁਰਾਂ ਵਿਚ ਪੰਜਵੇਂ ਸਥਾਨ ਤੇ ਹੋਣ ਕਰਕੇ ਵੀ ਪੰਚਮ ਕਿਹਾ ਜਾਂਦਾ ਹੈ। ਇਸਦੀ ਪ੍ਰਕਿਰਤੀ ਉਤਸ਼ਾਹਪੂਰਨ, ਰੰਗ ਲਾਲ ਅਤੇ ਸਥਾਨ ਮੁੱਖ ਹੈ। ਇਸਦਾ ਦੇਵਤਾ ਲਕਸ਼ਮੀ ਕਿਹਾ ਜਾਂਦਾ ਹੈ। ਇਹ ਕਫ ਪ੍ਰਧਾਨ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਕੋਇਲ ਪੰਚਮ ਸੁਰ ਵਿਚ ਕੂਕਦੀ ਹੈ।

ਧ (ਧੈਵਤ)– ਪਹਿਲੇ ਪੰਜ ਸੁਰਾਂ ਦਾ ਅਨੁਸੰਧਾਨ ਕਰਨ ਵਾਲੇ ਇਸ ਸੁਰ ਦੀ ਪ੍ਰਕਿਰਤੀ ਚਿੱਤ ਨੂੰ ਪ੍ਰਸੰਨ ਕਰਦੀ ਅਤੇ ਉਦਾਸੀਨ ਦੋਵੇਂ ਬਣਾਉਂਦੀ ਹੈ। ਇਸਦਾ ਸਥਾਨ ਤਾਲੂ ਅਤੇ ਦੇਵਤਾ ਗਣੇਸ਼ ਹੈ। ਇਹ ਪਿਤਜ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ – ਮੈਂਢਕ ਦਾ ਸਵਰ।

ਨਿ (ਨਿਸ਼ਾਦ) – ਇਹ ਸੁਰ ਆਪਣੀ ਤੀਬਰਤਾ ਨਾਲ ਸਾਰੇ ਸੁਰਾਂ ਨੂੰ ਦਬਾ ਦੇਂਦਾ ਹੈ ਅਤੇ ਨਿਸ਼ਾਦ ਕਿਹਾ ਗਿਆ ਹੈ।

ਇਸਦਾ ਸੁਭਾਅ ਠੰਡਾ-ਖੁਸ਼ਕ, ਰੰਗ ਕਾਲਾ ਅਤੇ ਸਥਾਨ ਨਾਸਿਕ ਹੈ। ਇਸਦੀ ਪ੍ਰਕਿਰਤੀ ਜੋਸ਼ੀਲੀ ਅਤੇ ਪ੍ਰਸੰਨਾਦਾਇਕ ਹੈ। ਇਸਦਾ ਦੇਵਤਾ ਸੂਰਜ ਹੈ। ਇਹ ਵਾਤਜ ਰੋਗਾਂ ਦਾ ਸ਼ਮਨ ਕਰਦਾ ਹੈ। ਉਦਾਹਰਨ - ਹਾਥੀ ਦਾ ਸਰ।

(ਨੋਟ-ਲੇਖ "ਸੁਆਸਥਿਯ ਪਰ ਸੰਗੀਤ ਕੇ ਸਵਰੋਂ ਕਾ ਪ੍ਰਭਾਵ" ਲੇਖਕ ਡਾਕਟਰ ਪ੍ਰੇਮ ਪ੍ਰਕਾਸ਼ ਦੀ 'ਕਲਿਆਨ' ਜਨਵਰੀ ਫਰਵਰੀ ਅੰਕ 2011 ਈ. ਦੇ ਆਧਾਰ ਤੇ ਸੁਰਾਂ ਦੀ ਉਪਰੋਕਤ ਜਾਣਕਾਰੀ ਦਿੱਤੀ ਗਈ ਹੈ)

ਸੁਰਾਂ ਦੇ ਗਾਇਨ ਨਾਲ ਸਰੀਰ ਦੇ ਜਿਹੜੇ ਹਿੱਸੇ ਤੇ ਖਿੱਚ ਪੈਂਦੀ ਹੈ ਉਸਦਾ ਪ੍ਰਭਾਵ ਪ੍ਰਾਣਾਯਾਮ ਦਾ ਇਕ ਅਭਿਆਸ ਅੰਗ ਬਣ ਜਾਂਦੀ ਹੈ। ਪ੍ਰਾਣਾਯਾਮ ਵਿਚ ਸਵਾਸ ਕਿਰਿਆ ਵਿਚ ਪੂਰਕ, ਕੁੰਭਕ ਤੇ ਰੇਚਕ ਰਾਹੀਂ ਪਾਨ ਅਤੇ ਅਪਾਨ ਵਾਯੂ ਸਾਧੀ ਜਾਂਦੀ ਹੈ ਅਤੇ ਸਰੀਰ ਸੋਧਿਆ ਜਾਂਦਾ ਹੈ। ਸੁਰ ਸਾਧਨਾ ਤੇ ਆਲਾਪ ਵਿਚ ਸਰੀਰ ਦੇ ਵੱਖ ਵੱਖ ਅੰਗਾਂ ਦੀ ਸਵਾਸ-ਕਸਰਤ ਹੋ ਜਾਂਦੀ ਹੈ ਅਤੇ ਉਤਪਤੀ ਤੇ ਪ੍ਰਸਾਰਨ ਸਥਾਨ ਦੇ ਹਿਸਾਬ ਨਾਲ ਵਾਤ-ਪਿਤ ਤੇ ਕਫ ਰੋਗਾਂ ਦਾ ਨਿਰਾਕਰਣ ਹੁੰਦਾ ਹੈ। ਮਨ ਦੀ ਨਿਰਮਲਤਾ ਬਾਰੇ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ। ਨਿਰਮਲ ਮਨ ਸੁਅਸਥ ਦੇਹੀ ਦਾ ਰਾਖਾ ਹੁੰਦਾ ਹੈ ਕਿਉਂਕਿ ਮਾਨਸਿਕ ਤਣਾਵਾਂ ਨਾਲ ਸਰੀਰ ਦਾਨਾੜੀ ਤੰਤਰ ਦਾ ਕੰਟਰੋਲ ਢਿੱਲਾ ਪੈ ਜਾਂਦਾ ਹੈ ਜਿਸ ਨਾਲ ਸਭ ਤੋਂ ਪਹਿਲਾਂ ਪਾਚਨ ਵਿਗੜਦਾ ਹੈ ਅਤੇ ਮਗਰੋਂ ਸਾਰਾ ਸਰੀਰ ਇਸ ਵਿਗਾੜਾ ਨਾਲ ਪ੍ਰਭਾਵਿਤ ਹੁੰਦਾ ਹੈ। ਉੱਚੀ ਸੁਰ ਵਿਚ ਗੁਰਬਾਣੀ ਪੜੀ ਜਾਏ ਤਾਂ ਵੀ ਮਗਰੋਂ ਕਾਫੀ ਭੁੱਖ ਲਗਦੀ ਹੈ ਤੇ ਕੀਰਤਨੀਏ ਜਾਂ ਸੰਗੀਤਕਾਰ ਨੂੰ ਅਭਿਆਸ ਤੋਂ ਬਾਅਦ ਨਰੋਈ ਤੇ ਬਲਦਾਇਕ ਖੁਰਾਕ ਦੀ ਜ਼ਰੂਰਤ ਹੁੰਦੀ ਹੈ। ਸੰਜਮੀ ਸਾਧਕ ਆਪਣੇ ਆਹਾਰ ਤੇ ਸੰਜਮ ਰੱਖਦੇ ਹਨ ਅਤੇ ਅੱਸੀ ਅੱਸੀ ਸਾਲ ਦੀ ਉਮਰ ਵਿਚ ਵੀ ਗਾਇਨ-ਸੰਗੀਤ ਦਾ ਅੰਮ੍ਰਿਤ ਵੰਡਣ ਵਿਚ ਸਮਰੱਥ ਹੁੰਦੇ ਹਨ।

C/o Gurdial Singh Rajinder Singh , # 162-a, Grain Market, Sector 26, Chandigarh
Mobile : 09888213360

Hot millions ®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )



CHD 2723333 SALAD BAR 2723222
PKL 2579888 MOH 2264300

SCO 76-79,(First Floor) Sector 17-E, Chandigarh. Tel: 272322, 2723111, 2704858

PEPSI

CONTAINS NO FRUIT / CONTAINS ADDED FLAVOUR

# ਭਾਈ ਸੁਧ ਸਿੰਘ ਜੀ

ਜਗਜੀਤ ਸਿੰਘ ਬੁਲੇਰੀਆ

ਭਾਈ ਸੁਧ ਸਿੰਘ ਯਤੀਮਖਾਨਾ ਘਰਜਾਖ ਵਿਚ ਪੜ੍ਹਦੇ ਸਨ। ਆਸ਼ਰਮ ਨੂੰ ਕੁਝ ਰੁਪਏ ਦੀ ਟੋਟ ਹੋ ਗਈ। ਭਾਈ ਸੁਧ ਸਿੰਘ ਤੇ ਭਾਈ ਲਾਲ ਸਿੰਘ ਉਗ੍ਰਾਹੀ ਲਈ ਚੀਨ ਗਏ। ਚੀਨ ਵਿਚ ਜਾ ਕੇ ਕੀਰਤਨ ਕਰਦੇ ਅਤੇ ਆਸ਼ਰਮ ਲਈ ਰਕਮ ਇਕੱਠੀ ਕਰ ਕੇ ਹਰ ਮਹੀਨੇ ਭੇਜਦੇ। ਜਦੋਂ ਵਾਪਸ ਆਏ ਤਾਂ ਭਾਈ ਲਾਲ ਸਿੰਘ ਘਰਜਾਖ ਚਲੇ ਗਏ ਅਤੇ ਭਾਈ ਸੁਧ ਸਿੰਘ ਅੰਮ੍ਰਿਤਸਰ ਦਰਸ਼ਨਾਂ ਲਈ ਉਤਰ ਪਏ ਅਤੇ ਉਹ ਸੋਹਣ ਸਿੰਘ ਰਾਹੀਂ ਜੋ ਅੰਮ੍ਰਿਤਸਰ ਯਤੀਮਖਾਨੇ ਦੇ ਸੁਪ੍ਰੈਂਡੈਂਟ ਸਨ, ਪਾਸ ਠਹਿਰ ਗਏ। ਭਾਈ ਸੁਧ ਸਿੰਘ ਨੇ ਰਾਹੀ ਸਾਹਿਬ ਨੂੰ ਪੁੱਛਿਆ ਕਿ ਮੈਂ ਰਾਣਾ ਸੂਰਤ ਸਿੰਘ ਦੇ ਟ੍ਰੈਕਟ ਚੀਨ ਨਾਲ ਲੈ ਗਿਆ ਸੀ। ਉਥੇ ਪੜ੍ਹਦਾ ਰਿਹਾ ਤੇ ਰੋਂਦਾ ਰਿਹਾ ਹਾਂ ਅਤੇ ਹੋਰ ਜੋ ਵੀ ਕੋਈ ਪੜ੍ਹਦਾ ਸੀ, ਉਹ ਰੋਂਦਾ ਸੀ। ਇਹ ਟ੍ਰੈਕਟ ਕਿਸ ਨੇ ਲਿਖੇ ਹਨ? ਜਵਾਬ ਵਿਚ ਰਾਹੀ ਸਾਹਿਬ ਦੇ ਹੱਥ ਜੁੜ ਗਏ। ਨੇਤਰ ਭਰ ਆਏ, ਪਰ ਕੋਈ ਉੱਤਰ ਨਾ ਦਿੱਤਾ। ਦੂਜੇ ਦਿਨ ਫਿਰ ਭਾਈ ਸਾਹਿਬ ਨੇ ਰਾਹੀ ਸਾਹਿਬ ਨੂੰ ਸਵਾਲ ਕੀਤਾ। ਰਾਹੀ ਸਾਹਿਬ ਦੇ ਫਿਰ ਹੱਥ ਜੁੜ ਗਏ ਅਤੇ ਬੁਲ੍ਹ ਫਰਕਣ ਲੱਗ ਪਏ। ਭਾਈ ਸਾਹਿਬ ਹੈਰਾਨ ਹੋਏ ਕਿ ਇਹ ਉੱਤਰ ਨਹੀਂ ਦੇਂਦਾ, ਕੀ ਗੱਲ ਹੈ? ਤੀਜੇ ਦਿਨ ਫਿਰ ਉਹਨਾਂ ਨੇ ਖਿਝ ਕੇ ਆਖਿਆ ਕਿ ਰਾਹੀ ਸਾਹਿਬ ਜੀ ਤੁਸੀਂ ਕੀ ਕਰਦੇ ਹੋ? ਮੇਰੀ ਗੱਲ ਦਾ ਉੱਤਰ ਕਿਉਂ ਨਹੀਂ ਦੇਂਦੇ। ਜੇ ਨਹੀਂ ਦੱਸਣਾ ਤਾਂ ਸਾਫ ਇਨਕਾਰ ਕਰ ਦੇਵੋ। ਰਾਹੀ ਸਾਹਿਬ ਨੇ ਉਤਰ ਦਿੱਤਾ ਕਿ ਪ੍ਰਤੀਬ੍ਰਤਾ ਇਸਤਰੀ ਪਤੀ ਦਾ ਨਾਮ ਸਾਰਾ ਦਿਨ ਸਿਮਰਦੀ ਹੈ, ਪਰ ਜੇ ਕੋਈ ਨਾਮ ਪੁੱਛੇ ਤਾਂ ਨਾਮ ਨਹੀਂ ਲੈਂਦੀ। ਨਾਮ ਤੇ ਦੱਸਣਾ ਨਹੀਂ, ਜੇ ਕਰ ਦਰਸ਼ਨ ਕਰਨਾ ਚਾਹੋ, ਤਾਂ ਅੱਜ ਹੀ ਕਰਾ ਦੇਵਾਂਗਾ। (ਭਾਈ ਸਾਹਿਬ ਦਾ ਹੁਕਮ ਸੀ, ਕਿ ਕਿਸੀ ਨੂੰ ਮੇਰਾ ਨਾਮ ਪਤਾ ਨਹੀਂ ਦੱਸਣਾ)। 11 ਵਜੇ ਦੇ ਕਰੀਬ ਭਾਈ ਸਾਹਿਬ ਸਾਈਕਲ ਤੇ ਸਵਾਰ ਹੋ ਯਤੀਮਖਾਨੇ ਆਏ।

ਜਿਸ ਸਤਿਕਾਰ ਨਾਲ ਰਾਹੀ ਜੀ ਭਾਈ ਸਾਹਿਬ ਨੂੰ ਮਿਲੇ, ਭਾਈ ਸੁਧ ਸਿੰਘ ਸਮਝ ਗਏ ਕਿ ਇਹ ਹੀ ਭਾਈ ਸਾਹਿਬ ਹੋਣਗੇ। ਲਗ ਪਗ ਅੱਧਾ ਘੰਟਾ ਭਾਈ ਸਾਹਿਬ ਰਾਹੀਂ ਸਾਹਿਬ ਨਾਲ ਯਤੀਮਖਾਨੇ ਵਿਚ ਵੀਚਾਰ ਕਰਦੇ ਰਹੇ। ਫਿਰ ਭਾਈ ਸਾਹਿਬ ਨੇ ਭਾਈ ਸੁਧ ਸਿੰਘ ਨੂੰ ਸੰਬੋਧਨ ਕਰ ਕੇ ਕਿਹਾ ਕਿ ਭਾਈ ਸੁਧ ਸਿੰਘ ਜੀ ਚੀਨ ਨੂੰ ਤਾਰ ਆਏ ਹੋ ਜਾਂ ਬੋੜ ਆਏ ਹੋ। ਉਤਰ ਵਿਚ ਭਾਈ ਸੁਧ ਸਿੰਘ ਨੇ ਕਿਹਾ ਕਿ ਮੈਂ ਤਾਰਨ ਜਾਂ ਬੋੜਨ ਵਾਲਾ ਕੌਣ ਹੁੰਦਾ ਹਾਂ, ਉਗ੍ਰਾਹੀ ਕਰਨ ਗਿਆ ਸੀ, ਸੋ ਉਗ੍ਰਾਹੀ ਕਰ ਕੇ ਵਾਪਸ ਆ ਗਿਆ ਹਾਂ। ਭਾਈ ਸਾਹਿਬ ਨਾ ਭਾਈ ਸੁਧ ਸਿੰਘ ਵੱਲ ਵੇਖਿਆ ਅਤੇ ਕਿਹਾ ਕਿ ਆਪ ਬੀਮਾਰ ਨਜ਼ਰ ਆਉਂਦੇ ਹੋ। ਉੱਤਰ ਵਿਚ ਭਾਈ ਸਾਹਿਬ ਨੇ ਕਿਹਾ ਕਿ ਸਖਤ ਜ਼ੁਕਾਮ ਲੱਗਾ ਹੋਇਆ ਹੈ ਅਤੇ ਨਾਲ ਬੁਖਾਰ ਹੀ ਹੈ। ਭਾਈ ਸਾਹਿਬ ਨੇ ਕਿਹਾ ਕਿ ਸ਼ਾਹ ਪੁਰੀਏ ਤਾਂ ਬੀਮਾਰ ਨਹੀਂ ਹੁੰਦੇ। ਉੱਤਰ ਵਿਚ ਭਾਈ ਸੁਧ ਸਿੰਘ ਨੇ ਕਿਹਾ ਕਿ ਦੁਖ ਸੁੱਖ ਸਰੀਰਾਂ ਦੇ ਭੋਗ ਹਨ, ਸ਼ਾਹ ਪੁਰੀਏ ਕਿਸ ਤਰ੍ਹਾਂ ਉਸ ਥੀਂ ਬਚ ਸਕਦੇ ਹਨ। ਭਾਈ ਸਾਹਿਬ ਬੋਲੇ ਕਿ ਸ਼ਾਹਪੁਰੀਏ 100 ਵਿਚੋਂ 90 ਆਦਮੀ ਸੁਖਮਨੀ ਸਾਹਿਬ ਪੜ੍ਹਦੇ ਹਨ, ਜੋ ਸੁਖਮਨੀ ਪੜ੍ਹੇ ਓਹਨੂੰ ਕਾਹਦਾ ਭੋਗ? ਭਾਈ ਸੁਧ ਸਿੰਘ ਨੇ ਉੱਤਰ ਵਿਚ ਆਖਿਆ ਕਿ ਸੁਖਮਨੀ ਆਤਮਕ ਰੋਗ ਕਟਦੀ ਹੈ, ਸਰੀਰ ਦੇ ਰੋਗ ਦਾ ਇਸ ਦੇ ਨਾਲ ਕੀ ਸੰਬੰਧ। ਸਰੀਰ ਦੇ ਰੋਗ ਤਾਂ ਸਭ ਕਰਮਾਂ ਅਨੁਸਾਰ ਭੋਗਣੇ ਹਨ। ਭਾਈ ਸਾਹਿਬ ਨੇ ਕਿਹਾ ਕਿ ਤੁਸੀਂ ਸੁਖਮਨੀ ਨਹੀਂ ਪੜ੍ਹਦੇ। ਪੜ੍ਹੋ ਭਲਾ ਪਹਿਲੀ ਅਸ਼ਟਪਦੀ। ਭਾਈ ਸੁਧ ਸਿੰਘ ਨੇ "ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥ ਕਲਿ ਕਲੇਸ ਤਨ ਮਾਹਿ ਮਿਟਾਵਉ ॥" ਪੜ੍ਹਿਆ ਤਾਂ ਭਾਈ ਸਾਹਿਬ ਨੇ ਕਿਹਾ ਬੋਲੋ ਭਾਈ ਸਾਹਿਬ ਇਥੇ ਗੁਰੂ ਜੀ ਤਨ ਮਹਿ ਆਖਦੇ ਹਨ ਜਾਂ ਮਨ ਮਹਿ ਆਖਦੇ ਹਨ। ਭਾਈ ਸੁਧ ਸਿੰਘ ਕੰਬਣ ਲੱਗੇ ਅਤੇ ਵਿਚਾਰਿਆ ਕਿ ਵਾਕਈ ਉਹ ਸੁਖਮਨੀ ਨਹੀਂ ਪੜ੍ਹਦੇ। ਭਾਈ ਸਾਹਿਬ ਨੇ ਇਸੀ ਪਰ ਬਚਨ ਸ਼ੁਰੂ ਕਰ ਦਿੱਤੇ। ਅੱਧਾ ਪੌਣਾ ਘੰਟਾ ਮਿਹਰਾਂ ਦਾ ਮੀਂਹ ਵਰਸਾਉਂਦੇ ਰਹੇ। ਭਾਈ ਸੁਧ ਸਿੰਘ ਰੋ ਰਹੇ ਸਨ ਅਤੇ ਭਾਈ ਸਾਹਿਬ ਦੇ ਚਰਨਾਂ ਤੇ ਢਹਿ ਗਏ। ਭਾਈ ਸਾਹਿਬ ਨੇ ਪਿਆਰ ਕੀਤਾ, ਥਾਪੜਾ ਦਿੱਤਾ ਅਤੇ ਚਰਨ ਛੁਹ ਬਖਸ਼ੀ। ਜੀਵਨ ਪਲਟ ਗਿਆ ਅਤੇ ਨਾਮ ਦੀ ਪ੍ਰਾਪਤੀ ਹੋ ਗਈ। (ਪ੍ਰਸੰਗਲੀਆ)

(ਖਾਲਸਾ ਸਮਾਚਾਰ, ਨਵੀਂ ਦਿੱਲੀ ਵਿਚੋਂ ਧੰਨਵਾਦ ਸਹਿਤ)

# ਪੁਸਤਕ ਰੀਵਿਊ

**ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ**
**ਲੇਖਕ : ਬਲਬੀਰ ਸਿੰਘ ਕੰਵਲ**
**ਪ੍ਰਕਾਸ਼ਕ : ਸਿੰਘ ਬ੍ਰਦਰਜ਼, ਅੰਮ੍ਰਿਤਸਰ**
**ਪੰਨੇ 336, ਮੁੱਲ 400/- ਰੁਪਏ**
**ਰਿਵੀਊਕਾਰ : ਕੁਲਦੀਪ ਸਿੰਘ ਧੀਰ**

ਬਲਬੀਰ ਸਿੰਘ ਕੰਵਲ ਰਚਿਤ ਪੁਸਤਕ ਪੰਜਾਬ ਦੇ ਪ੍ਰਸਿੱਧ ਰਾਗੀ ਰਬਾਬੀ ਪੰਜਾਬ ਦੇ ਰਾਗੀਆਂ ਰਬਾਬੀਆਂ ਦਾ ਐਨਸਾਈਕਲੋਪੀਡੀਆ ਹੈ। ਭਾਈ ਮਰਦਾਨਾ ਤੋਂ ਲੈ ਕੇ ਅੱਜੋਕੇ ਪੰਜਾਬ ਦੀ ਪ੍ਰਤੀਨਿਧ ਰਾਗ ਵਿੱਦਿਆ ਮਾਹਿਰ ਡਾ. ਜਸਬੀਰ ਕੌਰ ਤਕ ਸਵਾ ਸੌ ਦੇ ਕਰੀਬ ਰਾਗੀਆਂ ਰਬਾਬੀਆਂ ਦੀਆਂ ਪ੍ਰਾਪਤੀਆਂ, ਦਿਤ ਦੇਣ ਅਤੇ ਨਿਜੀ ਜੀਵਨ ਦੇ ਦੁਰਲਭ ਵੇਰਵੇ ਇਸ ਗ੍ਰੰਥ ਵਿਚ ਪ੍ਰਾਪਤ ਹਨ। ਰਾਗੀ ਰਬਾਬੀ ਸਾਡੇ ਸਭਿਆਚਾਰ ਦਾ ਅਨਿੱਖੜ ਅੰਗ ਹਨ। ਰਾਗ ਦਾ ਰੂਹ ਨਾਲ ਨਾਤਾ ਪਛਾਣਦੇ ਹੋਏ ਹੀ ਗੁਰੂ ਨਾਨਕ ਪਾਤਸ਼ਾਹ ਅਤੇ ਉਨ੍ਹਾਂ ਦੇ ਪਰਵਰਤੀ ਗੁਰੂਆਂ ਨੇ ਗੁਰਬਾਣੀ ਦਾ ਉਚਾਰਨ ਰਾਗਾਂ ਵਿਚ ਕੀਤਾ ਅਤੇ ਇਸ ਦੇ ਕੀਰਤਨ ਉੱਤੇ ਵਿਸ਼ੇਸ਼ ਬਲ ਦਿੱਤਾ। ਕੰਵਲ ਨੇ ਤਲਵੰਡੀ, ਸ਼ਾਮ ਚੁਰਾਸੀ, ਪਟਿਆਲਾ, ਕਪੂਰਥਲਾ, ਨੌਸ਼ਹਿਰਾ, ਨੰਗੀ ਤੇ ਕਸੂਰ ਆਦਿ ਪੰਜਾਬ ਦੇ ਹਰ ਪ੍ਰਸਿੱਧ ਘਰਾਣੇ ਨਾਲ ਸੰਪਰਕ ਕੀਤਾ ਹੈ। ਹਰ ਰਾਗੀ ਢਾਡੀ ਨਾਲ ਸੰਵਾਦ ਰਚਾਉਣ ਦੀ ਕੋਸ਼ਿਸ਼ ਕੀਤੀ ਹੈ। ਭਾਰਤ ਅਤੇ ਪਾਕਿਸਤਾਨ ਦੋਹਾਂ ਪੰਜਾਬਾਂ ਦੇ ਰਾਗ ਵਿੱਦਿਆ ਮਾਹਿਰਾਂ ਨੂੰ ਸੁਣਾਇਆ ਮਾਣਿਆ ਹੈ। ਕੰਵਰ ਮ੍ਰਿਗੇਂਦਰ ਸਿੰਘ, ਉਸਤਾਦ ਅੱਲਾ ਰਖਾ, ਉਸਤਾਦ ਸਲਾਮਤ ਅਲੀ ਖਾਂ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਭਾਈ ਧਰਤ ਸਿੰਘ, ਭਾਈ ਸਮੁੰਦ ਸਿੰਘ ਜਹੀਆਂ ਸ਼ਖਸੀਅਤਾਂ ਦੇ ਦਰਸ਼ਨ ਕੀਤੇ। ਇਹੋ ਜਿਹੇ ਵਿਸ਼ਾਲ ਅਨੁਭਵ ਵਾਲੇ ਲੇਖਕ ਜੇ ਪੰਜਾਬ ਦੇ ਰਾਗੀਆਂ ਰਬਾਬੀਆਂ ਬਾਰੇ ਕੁਝ ਲਿਖੇ ਤਾਂ ਉਹ ਸਚਮੁੱਚ ਹੀ ਇਤਿਹਾਸਕ ਦਸਤਾਵੇਜ਼ ਵਰਗੀ ਸ਼ੈਅ ਹੋਵੇਗੀ। ਬਸ ਇਸੇ ਕਿਸਮ ਦੀ ਹੈ ਇਹ ਪੁਸਤਕ। ਥਾਂ ਥਾਂ ਉੱਤੇ ਇਕ ਤੋਂ ਇਕ ਨਵੀਂ ਅਤੇ ਰੌਚਕ ਜਾਣਕਾਰੀ ਨਾਲ ਭਰਪੂਰ।

ਪੁਸਤਕ ਦੇ ਪਹਿਲੇ ਪੱਤਰ ਪੰਨਿਆਂ ਵਿਚ ਸਿਧਾਂਤਕ ਚਰਚਾ ਹੈ। ਇਸ ਵਿਚ ਸੰਗੀਤ ਘਰਾਣਿਆਂ ਤੋਂ ਰਾਗੀ ਰਬਾਬੀਆਂ ਤਕ ਲੇਖਕ ਦੀ ਯਾਤਰਾ ਦੇ ਵੇਰਵੇ ਹਨ। ਸਿੱਖ ਸੰਗੀਤ ਉੱਤੇ ਇਕ ਝਾਤ ਹੈ। ਕੀਰਤਨ ਅਤੇ ਕੀਰਤਨਕਾਰਾਂ ਬਾਰੇ ਚਰਚਾ ਹੈ। ਢਾਢੀ ਪਰੰਪਰਾ ਬਾਰੇ ਜਾਣਕਾਰੀ ਹੈ। ਪਟਿਆਲਾ ਅਤੇ ਕਪੂਰਥਲਾ ਘਰਾਣਾ ਬਾਰੇ ਵਿਸ਼ੇਸ਼ ਚਰਚਾ ਤੇ ਬਾਕੀ ਘਰਾਣਿਆਂ ਬਾਰੇ ਮੋਟੀ ਮੋਟੀ ਵਾਕਫੀਅਤ ਹੈ।

ਪੁਸਤਕ ਦੇ ਅਗਲੇ ਢਾਈ ਸੌ ਪੰਨਿਆਂ ਵਿਚ ਸਵਾ ਸੌ ਰਾਗੀਆਂ ਰਬਾਬੀਆਂ ਦੇ ਜੀਵਨ ਤੇ ਪ੍ਰਾਪਤੀਆਂ ਬਾਰੇ ਵੇਰਵੇ ਅੰਕਿਤ ਹਨ। ਇਹ ਵੇਰਵੇ ਭਾਈ ਮਰਦਾਨਾ ਨਾਲ ਆਰੰਭ ਹੁੰਦੇ ਹਨ ਅਤੇ ਅੱਜੋਕੇ ਸਮੇਂ ਤਕ ਫੈਲਦੇ ਹਨ। ਇਹਨਾਂ ਵਿਚੋਂ ਕਈਆਂ ਬਾਰੇ ਆਮ ਆਦਮੀ ਤਾਂ ਕੀ ਵਿਦਵਾਨਾਂ ਨੂੰ ਵੀ ਨਾ ਮਾਤਰ ਹੀ ਜਾਣਕਾਰੀ ਹੈ। ਮੀਰ ਛਬੀਲਾ, ਬਾਬਕ, ਭਾਈ ਅਬਦੁਲਾ ਤੇ ਭਾਈ ਨੱਥ ਮੱਲ, ਭਾਈ ਸਦੂ ਮਦੂ, ਭਾਈ ਨੰਦ ਤੇ ਚੰਦ, ਭਾਈ ਸਤਾ ਅਤੇ ਬਲਵੰਡ ਆਦਿ ਸ਼ਾਮਲ ਹਨ। ਉਨੀਵੀਂ ਵੀਹਵੀਂ ਸਦੀ ਦੇ ਭਾਈ ਅਮੀਰਾ, ਭਾਈ ਮੁਨਸ਼ਾ ਸਿੰਘ, ਭਾਈ ਪ੍ਰਤਾਪ ਸਿੰਘ, ਮਹੰਤ ਗੱਜਾ ਸਿੰਘ, ਭਾਈ ਸ਼ੇਰ ਸਿੰਘ ਗੁੱਜਰਾਂਵਾਲੀਆ, ਭਾਈ ਜਵਾਲਾ ਸਿੰਘ, ਭਾਈ ਹੀਰਾ ਸਿੰਘ, ਭਾਈ ਸੁਧ ਸਿੰਘ, ਭਾਈ ਲਾਲ, ਭਾਈ ਚਾਂਦ, ਭਾਈ ਛੈਲਾ, ਭਾਈ ਗਿਆਨ ਸਿੰਘ ਅਲਮਸਤ, ਭਾਈ ਸਮੁੰਦ ਸਿੰਘ, ਭਾਈ ਅਵਤਾਰ ਸਿੰਘ ਗੁਰਚਰਨ ਸਿੰਘ, ਪ੍ਰੋ: ਦਰਸ਼ਨ ਸਿੰਘ ਕੋਮਲ, ਉਸਤਾਦ ਸੋਹਨ ਸਿੰਘ, ਸਿੰਘ ਬੰਧੂ, ਸੰਘ ਸਰਵਣ ਸਿੰਘ ਗੰਧਰਵ, ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ, ਭਾਈ ਬਖਸ਼ੀਸ਼ ਸਿੰਘ, ਭਾਈ ਨਿਰਮਲ ਸਿੰਘ, ਪੰਡਿਤ ਦਲੀਪ ਚੰਦਰ ਵੇਦੀ, ਮਾਸਟਰ ਮਦਨ ਤੇ ਡਾ. ਜਸਬੀਰ ਕੌਰ ਦੇ ਨਾਮ ਇਹਨਾਂ ਪ੍ਰਤਿਭਾਵਾਨ ਰਾਗੀਆਂ ਰਬਾਬੀਆਂ ਵਿਚ ਸ਼ਾਮਲ ਹਨ ਜਿਹਨਾਂ ਬਾਰੇ ਬਲਬੀਰ ਸਿੰਘ ਨੇ ਨਿਠ ਕੇ ਚਰਚਾ ਕੀਤੀ ਹੈ।

ਇਸ ਪੁਸਤਕ ਦੇ ਸਾਧਾਰਨ ਪਾਠ ਉਪਰੰਤ ਹੀ ਕੁਝ ਵੇਰਵੇ ਦਿਲ ਦੀ ਤਖਤੀ ਉੱਤੇ ਸਦੀਵੀ ਛਾਪ ਛੱਡ ਜਾਂਦੇ ਹਨ। ਕੁਝ ਇਕ ਅਜਿਹੇ ਸਮਾਚਾਰਾਂ ਦਾ ਉਲੇਖ ਉਦਾਹਰਣ ਵਜੋਂ ਇਥੇ ਕਰਨਾ ਉਚਿਤ ਪ੍ਰਤੀਤ ਹੁੰਦਾ ਹੈ। ਭਾਈ ਮਰਦਾਨਾ ਜੀ ਦੀ ਪਾਵਨ ਰਬਾਬ ਜਿਸ ਨੇ ਕਦੀ ਸੜਦੀ ਬਲਦੀ ਧਰਤੀ ਉੱਤੇ ਰੱਬੀ ਰਾਗ ਛੇੜੇ ਸਨ, ਉਹ 1984 ਦੇ ਸਾਕੇ ਵਿਚ ਤਬਾਹ ਹੋ ਗਈ। ਭਾਈ ਮਨਸ਼ਾ ਸਿੰਘ ਦੀ ਤੰਗਦਸਤੀ ਦੀ ਖਬਰ ਸੁਣ ਮਹਾਰਾਜ ਰਣਜੀਤ ਸਿੰਘ ਆਪ ਹਾਥੀ ਉੱਤੇ ਸਵਾਰ ਹੋ ਉਸ ਨੂੰ ਅਸ਼ਰਫੀਆਂ ਭੇਟ ਕਰਨ ਉਸ ਦੇ ਘਰ ਆਏ। ਉਸ ਨੇ ਅੱਗੋਂ ਦਰਵਾਜ਼ੇ ਬੰਦ ਕਰ ਲਏ ਅਤੇ ਕਿਹਾ-ਮਹਾਰਾਜ ਜਿਸ ਦਾਤੇ ਕੋਲੋਂ ਤੁਸੀਂ ਮੰਗਦੇ ਹੋ ਮੈਂ ਵੀ ਉਸੇ ਕੋਲੋਂ ਹੀ ਮੰਗਾਂਗਾ। ਬਾਬਾਸ਼ਾਮ ਸਿੰਘ ਅਡਣਸ਼ਾਹੀ ਨੇ ਅਠੱਤਰ ਸਾਲ ਦਰਬਾਰ ਸਾਹਿਬ ਅੰਮ੍ਰਿਤਸਰ ਨਿਸ਼ਕਾਮ ਕੀਰਤਨ ਦੀ ਸੇਵਾ ਕੀਤੀ। ਕਦੇ ਇਕ ਮਿੰਟ ਵੀ ਲੇਟ ਨਾ ਹੁੰਦੇ, ਅੰਮ੍ਰਿਤ ਵੇਲੇ ਦੀ ਪਹਿਲੀ ਚੌਂਕੀ ਲਈ। ਸਵੇਰੇ ਦੋ ਵਜੇ ਦਰਬਾਬ ਸਾਹਿਬ ਦੇ ਕਿਵਾੜ ਖੁੱਲ੍ਹਣ ਤੋਂ ਪਹਿਲਾਂ ਆਪ ਦਰਸ਼ਨ ਡਿਓਢੀ ਦੇ ਬਾਹਰ ਬਹਿ ਕੇ ਗਾਣ ਲਗਦੇ, "ਦਰਮਾਦੇ ਠਾਢੇ ਦਰਬਾਰਿ॥ ਤੁਝ ਬਿਨੁ ਸੁਰਤਿ ਕਰੈ ਕੋ ਮੇਰੀ ਦਰਸਨੁ ਦੀਜੈ ਖੋਲਿ ਕਿਵਾਰ॥" ਕਲਕੱਤੇ ਦੇ ਗੁਰਦੁਆਰਾ ਵਿਚ ਭਾਈ ਸ਼ੇਰ ਸਿੰਘ ਗੁਜਰਾਂਵਾਲੀਏ ਨੇ ਬਾਬਾ ਫਰੀਦ ਦੇ ਸਲੋਕ "ਜੋਬਨ ਜਾਂਦੇ ਨਾ ਡਰਾਂ" ਦਾ ਗਾਇਨ ਕੀਤਾ ਤਾਂ ਉਸ ਨੂੰ ਆਪਣੇ ਚੁਬਾਰੇ ਵਿਚੋਂ ਸੁਣ ਰਹੀ ਦੇਸ਼ ਦੀ ਸੁਪ੍ਰਸਿਧ ਗਾਇਕਾ ਗੌਹਰ ਜਾਨ ਨੂੰ ਕੋਈ ਸੁਧ ਬੁਧ ਨਾ ਰਹੀ। ਸੁਧ ਆਈ ਤਾਂ ਉਹ ਲਟਬੌਰਿਆਂ ਵਾਗ ਗਾਣ ਵਾਲੇ ਦਾ ਨਾਂ ਪੁੱਛਦੀ ਫਿਰੇ। ਇਹੋ ਜਿਹੇ ਮਾਰਮਿਕ ਵੇਰਵੇ ਇਸ ਪੁਸਤਕ ਵਿਚ ਮੋਤੀਆਂ ਵਾਂਗ ਬਿਖਰੇ ਹੋਏ ਹਨ। ਸੰਗੀਤ ਪ੍ਰੇਮੀਆਂ ਲਈ ਇਹ ਪੁਸਤਕ ਸਚਮੁੱਚ ਸਾਂਭਣਯੋਗ ਹੈ।

('ਖਾਲਸਾ ਸਮਾਚਾਰ, ਨਵੀਂ ਦਿੱਲੀ' ਵਿਚੋਂ ਧੰਨਵਾਦ ਸਹਿਤ)


Form IV Statement of Ownership (See Rule 9)

| | | |
|---|---|---|
| Place | : | 422, Sector 15-A, Chandigarh |
| Periodicity of Publication | : | Monthly |
| Editor, Printer & Publisher's Name | : | Dr. Jagir Singh |
| Nationality | : | Indian |
| Owner of Newspaper | : | President, Amrit Kirtan Trust |

I, Dr. Jagir Singh, hereby declare that the particulars given above are true to the best of my knowledge and belief.

Sd/
Date: February 28, 2012 Dr. Jagir Singh, Publisher


## ਜ਼ਰੂਰੀ ਬੇਨਤੀ

**ਅੰਮ੍ਰਿਤ ਕੀਰਤਨ ਦੇ ਪੁਰਾਣੇ ਅੰਕ ਜੇ ਤੁਹਾਨੂੰ ਨਾ ਚਾਹੀਦੇ ਹੋਣ ਤਾਂ ਸਾਨੂੰ ਸੂਚਿਤ ਕਰੋ ਅਸੀਂ ਮੰਗਵਾ ਲਵਾਂਗੇ**

**ਸੰਪਰਕ ਕਰੋ :**


**ਡਾ. ਜਾਗੀਰ ਸਿੰਘ, ਮੋਬ: 09814053630, ਕੋਠੀ ਨੰ: 422, ਸੈਕਟਰ 15-ਏ, ਚੰਡੀਗੜ੍ਹ**

# ਪੰ. ਯਸ਼ਪਾਲ ਜੀ ਪਦਮਸ਼੍ਰੀ ਉਸਤਾਦ ਸੋਹਨ ਸਿੰਘ ਸਿਮ੍ਰਤੀ ਐਵਾਰਡ ਨਾਲ ਸਨਮਾਨਿਤ



ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਦੀ ਅਗਵਾਈ ਵਿਚ ਪੰਜਾਬੀ ਯੂਨੀਵਰਸਿਟੀ ਆਪਣੀਆਂ ਵਿਰਾਸਤੀ ਪਰੰਪਰਾਵਾਂ ਦੀ ਸੰਭਾਲ ਲਈ ਨਿਰੰਤਰ ਸਰਗਰਮ ਹੈ। ਗੁਰਮਤਿ ਸੰਗੀਤ ਦੇ ਖੇਤਰ ਵਿਚ ਯੂਨੀਵਰਸਿਟੀ ਨੇ ਜਿਥੇ ਡਾ. ਗੁਰਨਾਮ ਸਿੰਘ ਦੀ ਕੇਂਦਰੀ ਭੂਮਿਕਾ ਨਾਲ ਵਿਸ਼ਵ ਵਿਚ ਮੋਹਰਾ ਸਥਾਨ ਪ੍ਰਾਪਤ ਕੀਤਾ ਹੈ, ਉਥੇ ਇਸ ਦੀਆਂ ਸਹਿ ਪਰੰਪਰਾਵਾਂ ਵਜੋਂ ਸ਼ਾਸਤਰੀ ਸੰਗੀਤ, ਲੋਕ ਸੰਗੀਤ ਤੇ ਸੂਫ਼ੀ ਸੰਗੀਤ ਸਬੰਧੀ ਵੀ ਇਸ ਵਿਭਾਗ ਵਲੋਂ ਭਰਪੂਰ ਯਤਨ ਹੋ ਰਹੇ ਹਨ। ਆਰਕਾਈਵਜ਼ ਦੀ ਸਥਾਪਨਾ ਤੋਂ ਇਲਾਵਾ ਇਸ ਖਿੱਤੇ ਦੇ ਕਲਾਕਾਰਾਂ ਦੇ ਜੀਵਨ ਸਬੰਧੀ ਲਗਾਤਾਰ ਕੀਤੇ ਜਾ ਰਹੇ ਸਿਮ੍ਰਤੀ ਪ੍ਰੋਗਰਾਮਾਂ ਦੀ ਲੜੀ ਵਿਚ ਆਗਰਾ ਘਰਾਣੇ ਦੇ ਪ੍ਰਸਿਧ ਸ਼ਾਸਤਰੀ ਗਾਇਕ ਸਵ. ਪਦਮ ਸ੍ਰੀ ਉਸਤਾਦ ਸੋਹਣ ਸਿੰਘ ਦੀ ਸਿਮ੍ਰਤੀ ਵਿਚ ਇਕ ਸਿਮ੍ਰਤੀ ਸਮਾਰੋਹ ਮਿਤੀ 16 ਫਰਵਰੀ, 2012 ਨੂੰ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਮੁਖ ਆਕਰਸ਼ਨ ਇਸ ਮਹਾਨ ਪੰਜਾਬੀ ਸ਼ਾਸਤਰੀ ਗਾਇਕ ਦੀ ਯਾਦ ਵਿਚ ਆਰੰਭ ਕੀਤਾ ਗਿਆ ਸਿਮ੍ਰਤੀ ਐਵਾਰਡ ਸੀ ਜੋ ਉਸਤਾਦ ਸੋਹਣ ਸਿੰਘ ਦੇ ਸਪੁੱਤਰ ਤੇ ਡਾ. ਗੁਰਨਾਮ ਸਿੰਘ ਦੇ ਉਦਮ ਨਾਲ ਸ਼ੁਰੂ ਕੀਤਾ ਗਿਆ। ਸਾਲ 2012 ਲਈ ਇਸ ਐਵਾਰਡ ਲਈ ਪੰਡਤ ਯਸ਼ਪਾਲ, ਚੰਡੀਗੜ੍ਹ ਆਗਾਰਾ ਘਰਾਣਾ ਦੇ ਪ੍ਰਸਿਧ ਸ਼ਾਸਤਰੀ ਗਾਇਕ ਨੂੰ ਚੁਣਿਆ ਗਿਆ ਹੈ। ਪੰਡਤ ਯਸ਼ਪਾਲ ਇਸ ਤੋਂ ਪਹਿਲਾਂ ਪੰਜਾਬੀ ਸੰਗੀਤ ਰਤਨ ਐਵਾਰਡ ਤੇ ਸੰਗੀਤ ਨਾਟਕ ਅਕੈਡਮੀ ਐਵਾਰਡ ਜੇਤੂ ਕਲਾਕਾਰ ਹਨ ਜਿਨ੍ਹਾਂ ਦੀ ਬਤੌਰ ਗਾਇਕ, ਵਿਦਵਾਨ ਤੇ ਅਧਿਆਪਕ ਵਿਸ਼ੇਸ਼ ਯੋਗਦਾਨ ਹੈ।

ਪਦਮ ਸ੍ਰੀ ਉਸਤਾਦ ਸੋਹਣ ਸਿੰਘ ਸਿਮ੍ਰਤੀ ਐਵਾਰਡ ਪ੍ਰਦਾਨ ਕਰਦਿਆਂ ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਨੇ ਕਿਹਾ ਕਿ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੇ ਵਿਕਾਸ ਲਈ ਇਸ ਦੇ ਮਹਾਨ ਕਲਾਕਾਰਾਂ ਨੂੰ ਯਾਦ ਕਰਨਾ ਬੁਨਿਆਦੀ ਤੇ ਵਿਸ਼ੇਸ਼ ਕਾਰਜ ਹੈ ਜੋ ਗੁਰਮਤਿ ਸੰਗੀਤ ਚੇਅਰ ਤੇ ਗੁਰਮਤਿ ਸੰਗੀਤ ਵਿਭਾਗ ਡਾ. ਗੁਰਨਾਮ ਸਿੰਘ ਦੀ ਅਗਵਾਈ ਵਿਚ ਬਾਖੂਬੀ ਕਰ ਰਿਹਾ ਹੈ। ਉਨ੍ਹਾਂ ਵਿਭਾਗ ਅਤੇ ਪੰ. ਯਸ਼ਪਾਲ ਨੂੰ ਇਸ ਐਵਾਰਡ ਦੀ ਮੁਬਾਰਕਬਾਦ ਦਿਤੀ ਅਤੇ ਯੂਨੀਵਰਸਿਟੀ ਵਲੋਂ ਹਰ ਸੰਭਵ ਸਹਾਇਤਾ ਦਾ ਭਰੋਸਾ ਦਿਵਾਇਆ।

ਪ੍ਰੋ. ਕੁਲਵੰਤ ਸਿੰਘ ਗਰੇਵਾਲ ਨੇ ਪ੍ਰੋ. ਸੋਹਣ ਸਿੰਘ ਦੇ ਜੀਵਨ ਤੇ ਗਾਇਨ ਸ਼ੈਲੀ ਸਬੰਧੀ ਭਾਵਪੂਰਤ ਕਲਾਤਮਕ ਅੰਦਾਜ਼ ਵਿਚ ਜ਼ਿਕਰ ਕਰਦਿਆਂ ਪੰਜਾਬੀ ਯੂਨੀਵਰਸਿਟੀ ਨੂੰ ਇਸ ਕਲਾਕਾਰ ਦੀ ਢੁਕਵੀਂ ਯਾਦ ਬਨਾਉਣ ਦੀ ਗੱਲ ਤੋਰੀ। ਉਨ੍ਹਾਂ ਕਿਹਾ ਕਿ ਸੋਹਣ ਸਿੰਘ ਨੂੰ ਪੰਜਾਬੀਆਂ ਵਿਚ ਸਭ ਤੋਂ ਪਹਿਲਾਂ ਪਦਮ ਸ੍ਰੀ ਮਿਲਿਆ। ਪੰਜਾਬ ਦੇ ਇਕ ਸਧਾਰਨ ਪਿੰਡ ਕਿਲਾ ਨੰਪੁਰ ਤੋਂ ਜੱਟ ਪਰਿਵਾਰ 'ਚੋਂ ਉਠਕੇ ਸ਼ਾਸਤਰੀ ਗਾਇਨ ਦੇ ਖੇਤਰ ਵਿਚ ਬੁਲੰਦੀਆਂ ਛੋਹਣ ਵਾਲੇ ਇਸ ਮਹਾਨ ਕਲਾਕਾਰ ਦੀ ਪੰਜਾਬੀ ਯੂਨੀਵਰਸਿਟੀ ਨੂੰ ਢੁਕਵੀਂ ਆਦਰਸ਼ਕ ਬਨਾਉਣੀ ਚਾਹੀਦੀ ਹੈ।

ਸਮਾਗਮ ਵਿਚ ਪ੍ਰੋ. ਯਸ਼ਪਾਲ ਨੇ ਗਾਇਨ ਕੀਤਾ। ਉਨ੍ਹਾਂ ਨਾਲ ਸ੍ਰੀ ਅਲੀ ਅਕਬਰ ਅਤੇ ਸ੍ਰੀ ਜੈਦੇਵ ਨੇ ਸੰਗਤ ਕੀਤੀ। ਸਮਾਗਮ ਵਿਚ ਫੈਕਲਟੀ ਅਤੇ ਵਿਦਿਆਰਥੀਆਂ ਤੋਂ ਇਲਾਵਾ ਡਾ. ਗੁਰਪ੍ਰਤਾਪ ਸਿੰਘ ਗਿੱਲ, ਡਾ. ਗੁਰਪ੍ਰੀਤ ਕੌਰ, ਡਾ. ਰਾਜਿੰਦਰ ਗਿੱਲ, ਡਾ. ਨਵਜੋਤ ਕਸੇਲ, ਡਾ. ਡੇਜ਼ੀ ਵਾਲੀਆ, ਡਾ. ਨਿਵੇਦਿਤਾ ਸਿੰਘ, ਸ. ਅਲੰਕਾਰ ਸਿੰਘ, ਸ੍ਰੀ ਮੁਜਤਬਾ ਹੁਸੈਨ ਅਤੇ ਹੋਰ ਕਈ ਪ੍ਰਮੁਖ ਸ਼ਖਸੀਅਤਾਂ ਹਾਜ਼ਰ ਹੋਈਆਂ।

**ਡਾ. ਗੁਰਨਾਮ ਸਿੰਘ, ਪ੍ਰੋਫੈਸਰ ਤੇ ਮੁਖੀ, ਗੁਰਮਤਿ ਸੰਗੀਤ ਚੇਅਰ - ਗੁਰਮਤਿ ਸੰਗੀਤ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ**

# ਕੀਰਤਨ ਨਿਰਮੋਲਕ ਹੀਰਾ

## ਸੇਵਾ ਸਿੰਘ ਭੱਟੀ

ਗੁਰਬਾਣੀ ਦੇ ਬੋਲਾਂ ਨੂੰ ਗੁਰੂ ਨੇ ਸੱਚ ਦੇ ਧਰਾਤਲ ਤੋਂ, ਆਤਮਾ ਦੇ ਬਲ ਨਾਲ ਗੁਰਬਾਣੀ ਰੂਪ ਵਿਚ ਪੇਸ਼ ਕੀਤਾ ਹੈ, ਇਹ ਮੰਤਰਾਂ ਦਾ ਕੰਮ ਕਰਨ ਵਿਚ ਪਰੀਪੂਰਨ ਹੈ। ਯਾਦ ਰਹੇ ਕਿ ਇਹਨਾਂ ਮੰਤਰਾਂ ਨੂੰ ਉਸੇ ਹੀ ਸਲੀਕੇ ਨਾਲ ਉਚਾਰਿਆ ਜਾਵੇ ਜਿੰਨਾ ਸਲੀਕਿਆਂ ਦੀਆਂ ਬੰਦਸ਼ਾਂ ਰਾਗਾਂ ਤੇ ਰੂਪਕਾਂ ਦੇ ਰੂਪ ਵਿਚ ਹਰ ਇਕ ਰਚਨਾ ਦੇ ਸਿਰਲੇਖ ਵਜੋਂ ਲਿਖ ਦਿੱਤੀ ਗਈ ਹੈ। ਗੁਰਬਾਣੀ ਦਾ ਕੀਰਤਨ ਕਰਨਾ ਸਭ ਤੋਂ ਮਹਾਨ ਕਾਰਜ ਹੈ ਕਿਉਂਕਿ :

ਕਲਜੁਗ ਮੈਂ ਕੀਰਤਨ ਪ੍ਰਧਾਨਾ॥

ਕਲਿਜੁਗ ਵਿਚ ਗੀਤਾਂ ਦਾ ਗਾਣਿਆਂ ਦਾ ਆਮ ਚਲਨ ਹੈ। ਹਰ ਇਕ ਪਾਰਟੀ, ਸਭਾ, ਵਿਆਹ, ਸ਼ਾਦੀ ਦੇ ਮੌਕੇ ਗੀਤਕਾਰਾਂ ਦੀ ਭਰਮਾਰ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਹਨਾਂ ਲੱਚਰ ਗੀਤਾਂ ਨੂੰ ਮਾਤ ਪਾਉਣ ਲਈ ਲੱਕ ਬੰਨੀ ਖੜ੍ਹੀ ਹੈ। ਇੰਤਜਾਰ ਹੈ ਤਾਂ ਕੇਵਲ ਮੰਝੇ ਹੋਏ ਕੀਰਤਨੀ ਜੱਥਿਆਂ ਦਾ ਜੋ ਕਿ ਵਾਤਾਵਰਨ ਦੀ ਨਿਜਾਕਤ ਅਤੇ ਘਟਨਾ ਦੀ ਗੰਭੀਰਤਾ ਨੂੰ ਮੁੱਖ ਰੱਖ ਕੇ ਗੁਰਬਾਣੀ ਦਾ ਨਿਰਧਾਰਤ ਰਾਗਾਂ ਵਿਚ ਗਾਇਣ ਕਰ ਸਕਣ।

ਜਗਤ ਐਸੇ ਰਾਗੀ ਜੱਥਿਆਂ ਨੂੰ ਸਿਰ ਮੱਥੇ ਰੱਖ ਕੇ ਆਪਣੇ ਕਾਰਜਾਂ ਦੀ ਸਿੱਧੀ ਲਈ ਇਸੇ ਹੀ ਤਰ੍ਹਾਂ ਲੈ ਕੇ ਜਾਣਾ ਅਰੰਭੇਗਾ ਜਿਵੇਂ ਕਿ ਪੁਰਾਤਨ ਰਿਸ਼ੀਆਂ ਨੂੰ ਹਵਨ-ਯੱਗ ਕਰਾਉਣ ਲਈ ਸੱਦੇ ਦਿੱਤੇ ਜਾਂਦੇ ਸਨ। ਜਿਵੇਂ ਹਵਨਾਂ ਯੱਗਾਂ ਦੇ ਸੰਪੂਰਨ ਹੋਣ ਤੇ, ਪੁੱਤਰ-ਪ੍ਰਾਪਤੀ ਦਾ ਯੋਗ ਬਣਦਾਸੀ। ਕਾਰਜ ਸਿੱਧੀ ਦਾ ਯੋਗ। ਸ਼ਾਦੀ ਵਿਆਹ ਦਾ ਯੋਗ ਸ਼ਰੀਰਕ ਤੰਦਰੁਸਤੀ ਦਾ ਯੋਗ। ਮੁਕਤੀ, ਜੁਗਤੀ ਦਾ ਯੋਗ। ਗੱਲ ਕੀ 'ਚਾਰ-ਪਦਾਰਥ ਜੇ ਕੋ ਮਾਂਗੇ ਸਾਧ ਜਨਾ ਕੀ ਸੇਵਾ ਲਾਗੇ' ਵਾਲੀ ਅਵਸਥਾ ਬਣ ਜਾਂਦੀ ਸੀ।

ਅੱਜ ਦੇ ਚੱਲ ਰਹੇ ਅਖੰਡ ਪਾਠਾਂ ਨਾਲੋਂ ਵੀ ਇਹ ਕੀਰਤਨ ਸਮਾਗਮ ਸਾਰਥਕ ਸਿੱਧ ਹੋਣਗੇ ਕਿਉਂਕਿ ਇਹਨਾਂ ਕੀਰਤਨੀ ਸਮਾਗਮਾਂ ਵਿਚ ਲੋਕਾਈ ਦੀ ਭਾਗੀਦਾਰੀ ਸ਼ਾਮਲ ਹੋਵੇਗੀ। ਹੁਣ ਦੇ ਅਖੰਡ ਪਾਠਾਂ ਵਾਂਗੂੰ ਇਹ ਇਕੱਠੇ-ਦੁਕੱਲੇ ਪਾਠੀ ਦਾ ਮੂੰਹ ਵਿਚ ਗੁਣ-ਗੁਣ ਕਰੀ ਜਾਣਾ ਅਤੇ ਸਰੋਤਿਆਂ ਨੂੰ ਬੋਰ ਕਰਨ ਵਾਲਾ ਰੁੱਖਾਪਣ ਨਹੀਂ ਹੋਵੇਗਾ। ਅੱਜ ਦੇ ਪਾਠੀ ਸਿੰਘ 2500 ਤੋਂ 3500 ਤੱਕ ਮੋਖ ਪ੍ਰਾਪਤ ਕਰਕੇ 48 ਘੰਟੇ ਅਖੰਡ ਪਾਠ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪੂਰਨ ਭੋਗ ਪਾਉਂਦੇ ਹਨ। ਰਿੱਧੀਆਂ ਸਿੱਧੀਆਂ ਅਤੇ ਕਾਰਜ ਸਿੱਧੀਆਂ ਦੀ ਕਾਮਨਾ ਕੀਤੀ ਜਾਂਦੀ ਹੈ। ਕੁਝ ਪੂਰਨ ਵੀ ਹੁੰਦੀਆਂ ਹਨ। ਅਗਰ ਕੁਝਕੁ ਸਮਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਨਿਰਧਾਰਤ ਰਾਗਾਂ ਵਿਚ ਉਸ ਵਕਤ ਅਤੇ ਘਟਨਾ ਨੂੰ ਮੁੱਖ ਰੱਖ ਕੇ ਕੀਰਤਨ ਕਰਨਾ ਵੀ ਆਰੰਭ ਕੀਤਾ ਜਾਵੇ ਤਾਂ ਸੋਨੇ ਤੇ ਸੁਹਾਗਾ ਸਿੱਧ ਹੋਵੇਗਾ।

ਗੁਰਬਾਣੀ ਦੇ ਪਾਠ ਦਾ ਚਲਨ ਮੁੱਢ ਕਦੀਮਾਂ ਤੋਂ ਹੈ। ਪਾਠਾਂ ਕੇ ਕਰਨ ਨਾਲ ਹੀ ਬਾਣੀ ਕੰਠ ਹੁੰਦੀ ਹੈ। ਨਿਤਨੇਮ ਦੀਆਂ ਬਾਣੀਆਂ ਦਾ ਪਾਠ ਹੀ ਕਰਨਾ ਨਿਸਚਤ ਹੈ। ਕੀਰਤਨ ਨਹੀਂ। ਇਵੇਂ ਹੀ, ਅੰਮ੍ਰਿਤ ਸੰਚਾਰ ਵੇਲੇ ਬਾਣੀਆਂ ਦਾ ਪਾਠ ਕਰਕੇ ਹੀ ਅੰਮ੍ਰਿਤ ਦਾ ਬਾਟਾ ਤਿਆਰ ਹੁੰਦਾ ਹੈ। ਕੀਰਤਨ ਕਰ ਕੇ ਨਹੀਂ। ਸੋ ਗੁਰਸਿੱਖੀ ਦੇ ਸਾਰੇ ਹੀ ਨਿਯਮ-ਕਾਇਦੇ ਵਿਹਾਰਿਕ ਹਨ। ਇਹ ਫੋਕੇਰੂੜੀ ਵਾਦੀ ਕਰਮਾਂ ਕਾਡਾਂ ਦੀਆਂ ਬੰਦਸ਼ਾਂ ਤੋਂ ਬਾਹਰ ਹਨ। ਸੰਗੀਤ ਸ਼ਾਸਤਰੀਆਂ ਲਈ, ਸੁਰ-ਲੈਅ-ਤਾਲ ਮਾਇਨਾ ਰੱਖਦੀ ਹੈ ਤਾਂ ਹੀ:-

**ਰਾਗੀ ਨੂੰ ਗੁਰਸਿੱਖੀ ਦੀ ਦੇਣ :** ਗੁਰਬਾਣੀ ਗਾਇਨ ਦੇ ਵਿਧਾਨ ਵਿਚ ਜ਼ਰੂਰੀ ਹੈ ਕਿ ਗੁਰਬਾਣੀ ਦਾ ਕੀਰਤਨ ਜਿਗਿਆਸੂ ਦੀ ਜਿਗਿਆਸਾ ਨੂੰ ਜਗਾਵੇ ਗੁਰਬਾਣੀ ਦਾ ਕੀਰਤਨ ਵੀ ਨਿਰਧਾਰਤ ਧੁਨਾਂ ਵਿਚ ਕਰਨ ਨਾਲ ਹੀ ਜਿਗਿਆਸੂ ਦੀ ਜਿਗਿਆਸਾ ਜਾਗਰਤ ਹੁੰਦੀ ਹੈ। ਜਿਸ ਦਾ ਪ੍ਰਭਾਵ ਭੌਤਿਕ ਤੌਰ 'ਤੇ, ਅੱਗ, ਪਾਣੀ, ਪੇੜ-ਪੌਦੇ ਤੇ ਹੁੰਦੇ ਦੇਖਿਆ ਜਾ ਚੁੱਕਾ ਹੈ।

ਇਨਸਾਨੀ ਬਿਰਤੀਆਂ ਨੂੰ ਛੋਹਣ ਵਾਲਾ ਇਹ ਕੀਰਤਨ ਦਿਲ ਦੀ ਧੜਕਣ ਨੂੰ ਵਧਾ ਘਟਾ ਕੇ ਤੇ ਕੰਟਰੋਲ ਕਰਕੇ ਹਰਟ-ਅਟੈਕ ਨੂੰ ਰੋਕਦਾ ਹੈ। ਇਸੇ ਹੀ ਤੱਥ ਨੂੰ ਉਜਾਗਰ ਕਰਦੇ ਹਨ, ਭੈਰੋਂ ਅਤੇ ਹਨੂਮੰਨਤ ਰਾਗ ਘਰਾਣੇ ਜੋ ਕਿ ਰਾਗਾਂ ਦੇ ਅਸਰ ਨਾਲ ਬਹੁਤ ਸਾਰੇ ਮਾਨਸਿਕ ਅਤੇ ਸਰੀਰਕ ਤੰਤਰਾਂ ਦਾ ਇਲਾਜ ਕਰਨ ਵਿਚ ਸਫਲ ਹੋਏ ਹਨ।

ਆਮ ਤੌਰ 'ਤੇ ਕੀਰਤਨੀਏ ਬਹੁਤ ਹੀ ਚੰਗੇ ਹੋਣ ਤੋਂ ਬਾਅਦ ਆਪਣੇ ਹੰਕਾਰ ਨੂੰ ਹੀ ਵਧਾਉਂਦੇ ਹੋਣਗੇ, ਪਰੰਤੂ ਗੁਰਬਾਣੀ ਦਾ ਗਾਇਨ ਉਹਨਾਂ ਨੂੰ ਇਸ ਅੰਨੇ ਖੂਹ ਵਿਚ ਡਿੱਗਣੋਂ ਬਚਾਈ ਰੱਖਦਾ ਹੈ। ਕਿਉਂਕਿ ਉਹ ਸਿਰਫ ਗਾਉਂਦੇ ਹੀ ਨਹੀਂ ਸੱਚ ਦਾ ਪ੍ਰਚਾਰ ਵੀ ਕਰਦੇ ਹਨ ਇਸ ਲਈ ਗੁਰਬਾਣੀ ਗਾਇਨ ਦਾ ਮੁੱਢਲਾ ਅਸੂਲ ਇਹ ਹੈ ਕਿ ਕੀਰਤਨੀਆ ਜਿਗਿਆਸੂ ਦੀ ਜਿਗਿਆਸਾ ਨੂੰ ਜਗਾਉਣ ਲਈ ਸਭ ਤੋਂ ਪਹਿਲਾਂ ਗੁਰਬਾਣੀ ਦੇ ਗਾਇਨ ਕਰਨ ਲਾਇਕ ਮਾਹੌਲ ਨੂੰ ਸਿਰਜੇ। ਸਥਾਨ ਅਤੇ ਸਮੇਂ ਨੂੰ ਅਨੁਕੂਲ ਬਣਾਵੇ। ਫਿਰ ਨਿਰਧਾਰਤ ਰਾਗ ਵਿਚ ਮੌਕੇ ਦੀ ਘਟਨਾ ਨੂੰ ਸੰਬੰਧਤ ਰਾਗ ਛੇੜੇ ਅਤੇ ਮੌਕੇ ਮੁਤਾਬਿਕ ਹੀ ਢੁਕਦਾ ਸ਼ਬਦ ਗਾਵੇ ਤਾਂ ਕਿ ਸਰੋਤੇ, ਉਸ ਸ਼ਬਦ ਦੀ ਭਾਵਨਾ ਮੁਤਾਬਿਕ ਆਪਣੇ ਆਪ ਨੂੰ ਆਪ ਨਾਲ ਵੱਧ ਤੋਂ ਵੱਧ ਮਿਲਾਉਣ ਲਈ ਤਤਪਰ ਹੋ ਜਾਣ।

**ਰਾਗ ਨੂੰ ਗੁਰਸਿੱਖੀ ਦੀ ਦੇਣ** : ਗੁਰਬਾਣੀ ਕੀਰਤਨ ਨੇ ਰਾਗ ਵਿੱਦਿਆ ਨੂੰ ਇਕ ਬਹੁਮੁਲੀ ਭੇਟ ਚੜਾਈ ਹੈ। ਉਹ ਇਹ ਕਿ ਰਾਗ ਵਿੱਦਆ ਨੂੰ ਕੋਠਿਆਂ ਤੋਂ/ਰਸ ਧਾਰੀਆਂ ਦੇ ਪਿੜਾਂ ਵਿਚੋਂ ਚੁੱਕ ਕੇ ਹਰੀ ਦੇ ਮੰਦਰਾਂ ਵਿਚ ਪੁਚਾ ਦਿੱਤੀ ਹੈ। ਕੋਈ ਸਮਾਂ ਸੀ ਜਦੋਂ ਰਾਗ ਵਿੱਦਿਆ ਦੇ ਮਾਹਿਰਾਂ ਨੂੰ ਪਾਪੀ ਸਮਝਿਆ ਜਾਂਦਾ ਸੀ ਕਿਉਂਕਿ ਉਹ ਰੰਡੀਆਂ ਨੂੰ, ਖੁਸਰਿਆਂ ਨੂੰ, ਰਾਸ-ਧਾਰੀਆ ਨਕਲਚੀਆਂ ਅਤੇ ਨਚਾਰਾਂ ਨੂੰ ਨਚਾਉਂਦੇ ਹਨ।

ਪ੍ਰੰਤੂ ਗੁਰੂ ਨਾਨਕ ਦੇਵ ਜੀ ਨੇ ਇਹਨਾਂ ਨੂੰ ਫਿਰ ਤੋਂ ਉਸੇ ਹੀ ਜਗ੍ਹਾਹ 'ਤੇ ਲਿਆ ਖੜ੍ਹਾ ਕੀਤਾ ਹੈ ਜਿੱਥੋਂ ਇਹ ਡਿੱਗੇ ਸਨ। ਭਾਵ ਵੇਦਾਂ ਦੇ ਮੰਤਰ ਉਚਾਰਨ ਦਾ ਜ਼ਮਾਨੇ ਨਾਲ ਜੋੜ ਦਿੱਤਾ ਜਦੋਂ ਇਹਨਾਂ ਰਾਗੀਆਂ ਨੂੰ ਦੇਵਤੇ ਜਾਣੀਦਾ ਸੀ ਅਰਥਾਤ ਗੁਰਬਾਣੀ ਕੀਰਤਨ ਦਾ ਦੂਜਾ ਸੁਨਿਹਰੀ ਅਸੂਲ ਇਹ ਹੈ ਕਿ ਕੀਰਤਨ ਕੇਵਲ ਗੁਰੂ ਘਰ ਵਿਖੇ ਪ੍ਰਵਾਣਤ ਬਾਣੀ ਦਾ ਹੀ ਹੋਵੇ ਮਨੋਕਲਪੱਤ ਕੱਚੀ ਬਾਣੀ ਦਾ ਕੀਰਤਨ ਬਿਲਕੁਲ ਵਿਵਰਜਿਤ ਹੈ।

ਜੋਟੀਆ (ਆਪਣੇ ਮੰਨੋ ਗੰਡੇ ਟੱਪੇ-ਬੋਲੀਆਂ) ਨੂੰ ਸਹਾਇਕ ਦੇ ਤੌਰ 'ਤੇ ਵਰਤ ਕੇ ਕੀਰਤਨ ਕਰਨਾ ਵਿਵਰਜਿਤ ਹੈ ਅਤੇ ਇਸ ਨੂੰ ਸੁਣ ਕੇ ਬਰਦਾਸ਼ਤ ਕਰਨਾ ਮਨਮਤ ਹੈ, ਮੂਰਖਤਾ ਹੈ। ਆਓ ਇਸ ਪਿਰਤ ਨੂੰ ਰਹਾਉ ਦੀਆਂ ਤੁਕਾਂ ਦੀ ਸਹਾਇਤਾ ਲੈ ਕੇ ਤੋੜਨ ਦਾ ਯਤਨ ਕਰੀਏ।

**ਪੂਜਾ ਪਾਠ ਨੂੰ ਗੁਰਸਿੱਖੀ ਦੀ ਦੇਣ** : ਸੰਗਤੀ ਕੀਰਤਨ, ਸਿੱਖ ਧਰਮ ਦੀ ਰਿਵਾਇਤੀ ਪੂਜਾ ਦਾ ਢੰਗ ਹੈ। ਜੁੜੀ ਹੋਈ ਸੰਗਤ ਵਿਚ ਗੁਰਬਾਣੀ ਦਾ ਕੀਰਤਨ ਕਰਨਾ। ਸਾਡੀ ਪੂਜਾ ਬ੍ਰਹਿਮਣੀ ਪੂਜਾ ਨਹੀਂ ਹੈ। ਜਿਸ ਵਿਚ ਵਿਅਕਤੀ ਪੂਜਾ ਤੇ ਬਲ ਦਿੱਤਾ ਗਿਆ ਹੈ। ਉਥੇ ਸਾਮੂਹਿਕ ਪੂਜਾ ਜਾਂ ਜਨ-ਸਮੂਹ ਦੇ ਕੀਰਤਨ ਨੂੰ ਪ੍ਰਮੁੱਖ ਨਹੀਂ ਮੰਨਿਆ ਗਿਆ। ਜਦੋਂ ਕਿ ਸਿੱਖ ਗੁਰੂਆਂ ਨੇ ਸੰਗਤੀ/ਸਾਮੂਹਿਕ ਪੂਜਾ 'ਤੇ ਬਲ ਦਿੱਤਾ ਹੈ।

ਸੋ ਤੀਸਰਾ ਸੁਨਿਹਰੀ ਅਸੂਲ ਇਹ ਹੈ ਕਿ ਜਿੱਥੇ ਵੀ ਸਾਧ ਸੰਗਤ ਇਕੱਤਰ ਹੋਵੇ, ਉਥੇ ਗੁਰਬਾਣੀ ਦਾ ਕੀਰਤਨ ਕਰਨਾ ਅਤਿ-ਅਵਸ਼ਿਕ ਹੈ। ਅਸੀਂ ਅਖੰਡ ਪਾਠ ਕਰਾ ਲੈਂਦੇ ਹਾਂ। ਸੁਖਮਨੀ ਸਾਹਿਬ ਦਾ ਪਾਠ ਕਰਾ ਲੈਂਦੇ ਹਾਂ ਪਰ ਕੀਰਤਨ ਨਹੀਂ ਕਰਾਉਂਦੇ। ਇਹ ਮਨਮਤ ਹੈ ਜਿੱਥੇ ਵੀ ਸਾਧ ਸੰਗਤਿ ਇਕੱਤਰ ਹੋਵੇ। ਗੁਰਬਾਣੀ ਦਾ ਕੀਰਤਨ ਕਰਨਾ ਜ਼ਰੂਰੀ ਹੈ। ਨਹੀਂ ਤਾਂ ਮਾਨੋ ਕਿ ਅਸੀਂ ਪੂਜਾ ਨਹੀਂ ਕੀਤੀ। ਸਗੋਂ ਕਰਮ ਕਾਂਡ ਹੀ ਨਿਭਾਇਆ ਹੈ। ਸਿੱਖਾਂ ਦੀ ਪੂਜਾ ਗੁਰਬਾਣੀ ਦਾ ਕੀਰਤਨ ਹੈ।

ਜ਼ਰੂਰੀ ਨਹੀਂ ਕਿ ਰਾਗੀ ਸਿੰਘ ਹੀ ਕੀਰਤਨ ਕਰਨ ਸਗੋਂ ਸੰਗਤ ਜੁੜ ਕੇ ਰਲ ਮਿਲ ਕੇ ਅਨੰਦ ਸਾਹਿਬ ਦਾ ਹੀ ਕੀਰਤਨ ਕਰ ਲਵੇ। ਇਥੇ ਹੀ ਬਸ ਨਹੀਂ ਸੰਗਤਿ ਵਿਚ ਬੈਠ ਕੇ ਹੀ ਕੀਰਤਨ ਕਰਨਾ ਅਤੇ ਸੁਣਨਾ ਅਤਿ ਜ਼ਰੂਰੀ ਹੈ।

ਗੁਰਸਿੱਖੀ ਨੂੰ ਸਰਸਵਤੀ ਤੋਂ ਨਿਜਾਤ : ਸਮਾਗਮ ਦੀ ਅਰੰਭਤਾ-ਗੁਰਬਾਣੀ ਕੀਰਤਨ ਦੀ ਪੱਧਤੀ ਵਿਚ ਭਾਰਤੀ ਸੰਗੀਤ ਵਾਂਗੂ ਸਰਸਵਤੀ ਪੂਜਾ ਕਰਨ ਦਾ ਵਿਧਾਨ ਨਹੀਂ ਹੈ। ਗੁਰਬਾਣੀ ਕੀਰਤਨ ਦੀ ਅਰੰਭਤਾ '੧ਓ ਸਤਿਨਾਮ, ਸ੍ਰੀ ਵਾਹਿਗੁਰੂ ਜੀ ਦੀ ਫਤਹਿ' ਅਥਵਾ 'ਡੰਡਉਤਬੰਦਨ...ਸਰਬ ਕਲਾ ਸਮਰਥ ਡੋਲਣ ਤੇ ਰਾਖੋ ਪ੍ਰਭੂ ਨਾਨਕ ਦੇਕਰ ਹੱਥ...ਦੇ ਸ਼ਬਦਾਂ ਨਾਲ ਕਰਨ ਦਾ ਵਿਧਾਨ ਹੈ।

ਸਮੇਂਬੱਧ ਕੀਰਤਨੀ ਚੌਕੀਆਂ :ਗੁਰਬਾਣੀ ਸੰਗੀਤ ਕਿਉਂਕਿ ਧਾਰਮਿਕ ਸਭਾਵਾਂ ਦੀ ਸ਼ੋਭਾ ਹੈ ਅਤੇ ਆਮ ਤੌਰ 'ਤੇ ਗੁਰਦੁਆਰਿਆਂ ਵਿਚ ਹੀ ਗਾਇਆ ਜਾਂਦਾ ਹੈ। ਇਸ ਲਈ ਗੁਰਦੁਆਰਿਆਂ ਵਿਚ, ਧਰਮਸ਼ਾਲਾਵਾਂ ਵਿਚ ਜਾਂ ਹਰਿਮੰਦਰ ਸਾਹਿਬ ਵਿਚ ਕੀਰਤਨੀ ਚੌਕੀਆਂ ਦਾ ਚਲਨ ਹੈ। ਭਾਵ ਕੀਰਤਨ ਨੂੰ ਸਮੇਂਬੱਧ ਢੰਗ ਨਾਲ ਅਨੁਕੂਲ ਰਾਗ ਵਿਚ ਗਾਇਨ ਕਰਨਾ। ਇਥੇ ਮੰਦਿਰਾਂ ਵਾਂਗੂੰ ਮਨਮਾਨੀ ਨਹੀਂ ਚਲ ਸਕਦੀ। ਚੌਕੀਆਂ ਦਾ ਰਿਵਾਜ ਗੁਰੂ ਮਹਾਰਾਜ ਨੇ ਆਪ ਹੀ ਆਰੰਭ ਕਰਵਾਇਆ ਸੀ ਜੋ ਹੇਠਾਂ ਲਿਖੇ ਅਨੁਸਾਰ ਹੈ:

ੳ) ਨਿਤਨੇਮ ਦੀਆਂ ਚੌਕੀਆਂ : ਚੌਕੀ ਦਾ ਮਤਲਬ ਹੈ ਪਹਿਰੇਦਾਰੀ, ਸਾਵਧਾਨੀ।ਹਰ ਰੋਜ਼ ਦੀ ਸਾਵਧਾਨੀ ਜੋ ਸਮੇਂ ਮੁਤਾਬਿਕ ਜ਼ਰੂਰੀ ਹੈ ਉਹ ਹੈ ਨਿਤਨੇਮ ਦੀ ਚੌਕੀ।

ਅ) ਆਸਾ ਦੀ ਵਾਰ ਦੀ ਚੌਕੀ : ਇਸ ਵਿਚ ਆਸਾ ਦੀ ਵਾਰ ਦਾ ਕੀਰਤਨ ਹੁੰਦਾ ਹੈ। ਇਹ ਅੰਮ੍ਰਿਤ ਵੇਲੇ ਲਗਦੀ ਹੈ। ਕਾਰਨ ਇਹ ਹੈ ਕਿ ਅੰਮ੍ਰਿਤ ਵੇਲੇ ਭਾਰਤੀ ਲੋਕਾਈ ਕਰਮ ਕਾਂਡਾਂ ਵਿਚ ਰੁਝਦੀ ਸੀ, ਗੁਰਬਾਣੀ ਨੂੰ, ਸੱਚ ਦੇ ਉਪਦੇਸ਼ ਨੂੰ ਛਿੱਕੇ ਟੰਗ ਕੇ ਵੀ ਕਰਮਾਂ ਕਾਂਡਾਂ ਨੂੰ ਕੀਤਾ ਜਾਂਦਾ ਸੀ। ਸੋ ਗੁਰੂ ਜੀ ਨੇ ਆਸਾ ਦੀ ਵਾਰ ਰਾਹੀ ਸਿੱਖਾਂ ਨੂੰ ਗੁਰਮਤਿ ਦੇ ਵਿਧਾਨ ਦਾ ਪਾਠ ਅੰਮ੍ਰਿਤ ਵੇਲੇ ਹੀ ਪੜ੍ਹਾਉਣਾ ਠੀਕ ਸਮਝਿਆ ਤਾਂ ਕਿ ਇਹ ਕਰਮਾਂ-ਕਾਂਡਾਂ ਤੋਂ ਬਚੇ ਰਹਿਣ ਅਤੇ ਅੰਮ੍ਰਿਤ ਵੇਲੇ ਤੋਂ ਹੀ ਸੱਚ ਦੇ ਧਾਰਨੀ ਹੋਣ ਦਾ ਸੰਕਲਪ ਕਰਨ।

ੲ) ਚੌਕੀ ਬਿਲਾਵਲ ਦੀ : ਇਹ ਸੂਰਜ ਦੀ ਚੜ੍ਹਾਈ ਵੇਲੇ ਪੜ੍ਹੇ ਜਾਣ ਵਾਲੇ ਬਿਲਾਵਲੁ ਰਾਗ ਦੇ ਸ਼ਬਦਾਂ ਦਾ ਗਾਇਨ ਹੈ। ਇਸ ਦਾ ਮੰਤਵ ਪ੍ਰਭੂ ਦਾ ਮੰਗਲ-ਮਈ ਸ਼ੁਕਰਾਨਾ ਕਰਨਾ ਹੈ, ਕਿ ਪ੍ਰਭੂ ਦੀ ਆਪ ਨੇ ਕ੍ਰਿਪਾ ਕਰਕੇ ਕਾਲੀ ਬੋਲੀ ਰਾਤ ਪਾਰ ਕਰਕੇ ਸਵੇਰਾ ਕੀਤਾ ਹੈ ਅਤੇ ਦਰਸ਼ਨ ਦੇ ਕੇ ਨਿਹਾਲ ਕੀਤਾ ਹੈ-ਯਥਾ:

ਦਰਸ਼ਨ ਦੀਜੈ ਖੋਲਿ ਕਿਵਾਰ...

ਹਰਿ ਦਰਸ਼ਨ ਕੀ ਮਨਿ ਪਿਆਰ ਘਨੇਰੀ...

ਦੂਸਰੇ ਅਰਥਾਂਵਿਚ ਸੂਰਜ ਭਗਵਾਨ ਦੀ ਪੂਜਾ ਵੱਲੋਂ ਲੋਕਾਂਹੀ ਦੀ ਮੋਹਾਰ ਮੋੜ ਕੇ ਗੁਰੂ ਭਗਤੀ ਵੱਲ ਪ੍ਰੇਰਨਾ ਹੈ।

ਸ) ਚਰਨਾ ਕੰਵਲ ਦੀ ਚੌਕੀ : ਇਹ ਦਿਨ ਦੇ ਸਵਾ-ਪਹਿਰ ਬੀਤਣ ਤੇ ਲਗਦੀ ਹੈ। ਅਤੇ ਇਸ ਵਿਚ ਵੀ ਰਾਗ ਬਿਲਾਵਲੁ ਦਾ ਹੀ ਸ਼ਬਦ ਗਾਇਨ ਹੁੰਦਾ ਹੈ। ਅਤੇ ਇਸ ਦਾ ਮੂਲ ਮੁੱਦਾ ਜਿਗਿਆਸੂ ਨੂੰ ਪ੍ਰਭੂ ਪ੍ਰਾਯਣ ਕਰਨਾ ਹੈ ਤਾਂ ਕਿ ਉਹ 'ਚੜ੍ਹੇ ਦਿਵਸ ਗੁਰਬਾਣੀ ਗਾਵੇ ਅਤੇ ਇਹੋ ਹੀ ਮੰਗ ਕਰੇ ਕਿ : 'ਚਰਨ ਕਮਲ ਪ੍ਰਭੂ ਕੇ ਨਿਤ ਧਿਆਵਹੁ ॥ "

ਹ) ਸੋਦਰ ਦੀ ਚੌਕੀ : ਇਹ ਤ੍ਰੈਕਾਲੇ ਵੇਲੇ ਅਰਥਾਤ ਜਦੋਂ ਤਿੰਨੋਂ ਹੀ ਵੇਲੇ ਹੋਣ, ਰਾਤ ਵੀ ਦਿਨ ਵੀ ਅਤੇ ਮੂੰਹ ਮੁਨ੍ਹੇ ਜੈਸਾ (ਅੰਮ੍ਰਿਤ ਵੇਲਾ ਵੀ) ਇਸ ਵਿਚ ਸੋਦਰ...ਦਾ ਸ਼ਬਦ ਆਸਾ ਰਾਗ ਵਿਚ ਪੜੀਦਾ ਹੈ ਅਤੇ ਰਹਿਰਾਸ ਤੋਂ ਪਹਿਲਾਂ ਪੜਿਆ ਜਾਂਦਾ ਹੈ। ਇਸ ਦਾ ਵੀ ਮਕਸਦ ਸੰਧਿਆ ਤਰਪਣ ਦੇ ਕਰਮ-ਕਾਂਡਾਂ ਵੱਲੋਂ ਸਿੱਖ ਦੇ ਮਨ ਨੂੰ ਮੋੜ ਕੇ ਪ੍ਰਭੂ ਦੇ ਦਰ-ਘਰ ਦੀ ਹਜ਼ੂਰੀ ਨੂੰ ਮਾਨਣਾ ਹੈ। ਅਤੇ ਓਸ ਤੋਂ ਵਾਰੀ ਘੋਲੀ ਜਾਣਾਹੈ।

ਕ) ਕਲਿਯਾਣ ਦੀ ਚੌਕੀ : ਚਾਰ ਘੜੀ ਰਾਤ ਬੀਤਣ ਤੇ ਰਾਗ ਕਲਿਆਣ ਵਿਚ ਕਲਿਆਣਕਾਰੀ ਸ਼ਬਦਾਂ ਦਾ ਗਾਇਨਕਰਕੇ

ਇਹ ਚੌਕੀ ਲਗਦੀ ਹੈ। ਉਪਰੋਕਤ ਚੌਕੀਆਂ ਤੋਂ ਸਿੱਧ ਹੁੰਦਾ ਹੈ ਕਿ ਗੁਰੂ ਮਹਾਰਾਜ ਨੇ ਸਿੱਖੀ ਜੀਵਨ ਧਾਰਾ ਨੂੰ ਅਨੁਸ਼ਾਸਨ ਵਿਚ ਬੰਨ੍ਹ ਕੇ ਤੋਰਨ ਦਾ ਵਸੀਲਾ ਘੜਿਆ ਹੈ। ਸਾਨੂੰ ਸਮੇਂ ਸਮੇਂ ਤੇ ਪ੍ਰਭੂ ਦੀ ਯਾਦ ਆਉਂਦੀ ਰਹੇ, ਸਾਡੀ ਪੂਜਾ ਨੂੰ ਸਮੇਂ ਬੱਧ ਕਰ ਦਿੱਤਾ ਹੈ ਅਤੇ ਉਹ ਵੀ ਅੰਮ੍ਰਿਤ ਵੇਲਾ ਉਦਮੀ ਦਾ ਉੱਠਣਾ ਨਿਤਨੇਮ,ਆਸਾ ਦੀ ਵਾਰ, ਅਨੰਦ ਦੀ ਚੌਕੀ ਆਦਿ ਦਾ ਵਿਧਾਨ ਸੂਰਜ ਦਾ ਚੜ੍ਹਾ, ਸ਼ੁਕਰਾਨਾ ਪ੍ਰਭੂ ਦਾ, ਟਾਇਮ ਅਰੰਭ ਕਰਕੇ ਪਹਿਲੀ ਅਰਾਮ-ਛੁੱਟੀ ਵੇਲੇ ਸ਼ੁਕਰਾਨਾ। ਕੰਮ ਸਮਾਪਤ ਕਰਕੇ ਘਰ ਪਹੁੰਚਣ ਤੇ ਤ੍ਰੈਕਾਲੀ ਸੰਧਿਆ ਵੇਲੇ ਸ਼ੁਕਰਾਨਾ ਅਤੇ ਸੌਣ ਵੇਲੇ ਦਾ ਸ਼ੁਕਰਾਨਾ। ਭਾਵ ਐ ਜੀਵ ਪ੍ਰਭੂ ਨੂੰ ਭੁੱਲਣਾ ਹੁਣ ਤੇਰੀ ਹੱਠ ਧਰਮੀ ਹੀ ਹੋਵੇਗੀ ਨਹੀਂ ਤਾਂ ਅਸੀਂ ਤਾਂ ਤੈਨੂੰ ਯਾਦ ਕਰਾਉਣ ਲਈ ਪੰਜ ਪਹਿਰੇ ਲਾ ਦਿੱਤੇ ਹਨ।

ਇਸ ਤੋਂ ਇਲਾਵਾ ਸਿੱਖ ਧਰਮ ਵਿਚ ਕੁਝ ਇਕ ਇਤਿਹਾਸਕ ਚੌਕੀਆਂ ਵੀ ਹਨ:

1) ਪ੍ਰਕਰਮਾਂ ਵਿਚ ਸੰਧਿਆ ਦੀ ਚੌਕੀ : ਇਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵਿਛੋੜੇ ਨੂੰ ਸੰਜੋਗ ਵਿਚ ਬਦਲ ਦੇਣ ਲਈ ਕੱਢੀ ਜਾਂਦੀ ਹੈ ਅਤੇ ਗੁਰੂ ਦੇ ਹੁਕਮ ਅਨੁਸਾਰ ਇਸ ਚੌਕੀ ਵਿਚ ਗੁਰੂ ਛੇਵੇਂ ਪਾਤਸ਼ਾਹ ਹਾਜਰ ਹੋ ਕੇ ਦਰਸ਼ਨ ਦਿੰਦੇ ਹਨ। ਬਾਬਾ ਬੁੱਢਾ ਜੀ ਨੇ ਇਹ ਚੌਕੀ ਦੀ ਰਸਮ ਚਾਲੂ ਕੀਤੀ ਸੀ। ਇਸ ਵਿਚ ਇਕ ਸਿੰਘ ਦੇ ਹੱਥ ਚਾਂਦੀ ਦਾ ਮਾਸਾ ਅਤੇ ਦੋ ਸਿੰਘਾਂ ਦੇ ਹੱਥ ਜਲਦੀਆਂ ਮਿਸਾਲਾਂ ਦਿੱਤੀਆਂ ਜਾਂਦੀਆਂ ਹਨ। ਅੱਗੇ ਅੱਗੇ ਨਿਸ਼ਾਨ ਸਾਹਿਬ ਅਤੇ ਪਿੱਛੇ ਸੰਗਤਾਂ ਕੀਰਤਨ ਕਰਕੇ ਪ੍ਰਕਿਰਮਾ ਅਤੇ ਬੁੰਗਿਆਂ ਵਿਚ ਬੈਠੀਆਂ ਸੰਗਤਾਂ ਨੂੰ ਪ੍ਰਭੂ ਦੇ ਮਿਲਾਪ ਦੇ ਸ਼ਬਦਾਂ ਰਾਹੀਂ ਸੁਨੇਹਾ ਦਿੰਦੀਆਂ ਹਨ।

2) ਰਾਜਸੀ ਚੌਕੀ : ਗਵਲੀਅਰ ਦੇ ਕਿਲੇ ਵਿਚੋਂ ਗੁਰੂ ਜੀ ਦੀ ਰਿਹਾਈ ਲਈ ਅਕਾਲ ਤਖਤ ਤੋਂ ਚੌਕੀ ਨਿਕਲੀ ਸੀ। ਜਿਸ ਵਿਚ ਅੱਗੇ ਨਿਸ਼ਾਨ ਸਾਹਿਬ ਅਤੇ ਮਗਰ ਕੀਰਤਨੀ ਸੰਗੀਤ ਸੀ। ਗਵਾਲੀਅਰ ਪਹੁੰਚ ਕੇ ਇਸ ਚੌਕੀ ਦੀ ਭੀੜ ਨੇ ਜਹਾਂਗੀਰ ਦਾ ਦਿਲ ਹਿਲਾ ਦਿੱਤਾ ਸੀ। ਇਸ ਲਈ ਉਸ ਨੇ ਗੁਰੂ ਛੇਵੇਂ ਨਾਲ ਸੰਧੀ ਕਰਕੇ ਉਹਨਾਂ ਨੂੰ ਅਤੇ ਨਾਲ ਹੀ 52 ਰਾਜਿਆਂ ਨੂੰ ਵੀ ਰਿਹਾਅ ਕਰ ਦਿੱਤਾ ਸੀ।

3) ਯਾਤਰੂ ਚੌਕੀਆਂ - ਇਹਨਾਂ ਨੂੰ ਸੰਗ ਵੀ ਆਖਦੇ ਹਨ। ਇਹ ਖਾਸ ਮੁਕੱਰਰ ਦਿਨਾਂ ਉੱਤੇ ਅਤਾ ਖਾਸ ਮਿੱਥੇ ਹੋਏ ਗੁਰੂ-ਅਸਥਾਨਾਂ ਤੋਂ ਨਿਕਲ ਕੇ ਖਾਸ ਮਿੱਥੇ ਹੋਏ ਰਸਤੇ ਤੋਂ ਹੁੰਦੀਆਂ ਹੋਈਆਂ ਅਗਲੇ ਗੁਰਦੁਆਰੇ ਵਿਖੇ ਪਹੁੰਚਦੀਆਂ ਹਨ। ਜੈਸਾ ਕਿ - ਮਸਿਆ ਤੇ ਅੰਮ੍ਰਿਤਸਰੋਂ ਤਰਨ ਤਾਰਨ ਪੰਚਮੀ ਤੇ-ਤਰਨਤਾਰਨ ਤੋਂ ਗੋਇੰਦਵਾਲ ਇਹਨਾਂ ਚੌਕੀਆ ਦੁਰਾਨ ਵੀ ਨਿਸ਼ਾਨ ਸਾਹਿਬ ਅੱਗੇ ਹੁੰਦਾ ਹੈ। ਪਿੱਛੇ ਸੰਗਤਾਂ ਕੀਰਤਨ ਕਰਦੀਆਂ ਜਾਂਦੀਆਂ ਹਨ। ਰਸਤੇ ਵਿਚ ਗੁਰੂ ਕੇ ਪਿਆਰੇ ਲੰਗਰ ਆਦਿ ਦਾ ਯੋਗ ਪ੍ਰਬੰਧ ਕਰਕੇ ਚੌਕੀ ਸਾਹਿਬ ਸਫਲ ਕਰਦੇ ਹਨ।

('ਖਾਲਸਾ ਸਮਾਚਾਰ, ਨਵੀਂ ਦਿੱਲੀ' ਵਿਚੋਂ ਧੰਨਵਾਦ ਸਹਿਤ)


**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

THE AROMA

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

## ਸ਼ਰਧਾਂਜਲੀ



## Dr. Ajit Singh Paintal Passes Away

After a month long sickness, Professor Ajit Singh Paintal, passed away-he was 76.

His contribution to the field of Gurbani Kirtan is yet to be fully explored. He was the first person to do a Ph.D on the subject in 1971 (unpublished).

He was hospitablized on December 27,his medic son had returned to Delhi and helped him recover but then things turned for the worse-first with the kidneys,then a severe lung infection and finally, the heart. His passing is a huge loss. We offer our heartfelt condoleness to his wornderful family and students...

Gurbani Sangeet has always been revered for its mystic charm, that served to bind the dissected ommunities through ages. But for some strange reason, this traditionof music, so full of, meaning, vigour and life, waited for long to be researched by music scholars. The very first classical Indian vocalist who chose to touch upon the melodious legacy of Sikh region in his research for Ph.D. was Dr. Ajit SinghPaintal, better known for his celebrated tutelage under none other than Ustab Amir Khan of the Indore Gharana.

After learning the naunces of Hindustani classical music from Ustad Amir Khan, Dr. paintal consciously chose Gurbani Sangeet as his subject and stream of indulgence, Few days back, in Chandigarh to attend a Seminar on the teaching methodology of the well-known classical music Gharanas of India, Dr. Paintal, who was Professor in Music at Delhi University for 36years, spoke about his urge to discover the magic of Guru's bani.

" I began my journey as any other classical singer after graduating in music fromthe Bhartandu Sangeet Mehavidyala in Lucknow, the city where we landed after migration from Burma. Whatever little worth I command today is due to my association with Ustad Amir Khan, who taught me to respect music as a divine entity. After I had acquired a base in Hindustani Classical music, which forms the basis of Gurbani sangeet,I decided to execute my Ph.D. research on the "Nature and place of music in Sikh religion and its affiliation with Hindustani Classical Music".

The inference showed that the Sukh gurus followed the Hindustani musical tradition. They established a new form of Kirtan inwhich the raagis and the rababis were supposed to perform before the Holy scriptures. "The Gurbani served to connect perople. The gurus, however, maintained the dignity of divine, music. No dancing or clapping was allowed during rendition" reasoned Dr. Paintal,who was famous for his initmatable style of rendering Nanak's Bani.

Interestingly, during the five years of research, Dr. Paintal toured Punjab and interviewed the raagis who had servedat the historic gurdwaras of Punjab. While in Lucknow, he would record the music of raagis on the sly and use it to create notations. Although well-known for his rendition of Gurbani Sangeet, Dr. Paintal likes to be called a classical singer, with roots in the indore Gharana.

# ਅੰਤਿਮ ਅਰਦਾਸ ਤੇ ਵਿਸ਼ੇਸ਼ ਸ਼ਰਧਾਜਲੀ



ਸਿੱਖ ਕੌਮ ਅਤੇ ਪੰਥ ਦੇ ਪ੍ਰਸਿੱਧ ਸ਼੍ਰੋਮਣੀ ਕੀਰਤਨੀਏ "ਪ੍ਰੋਫੇਸਰ ਸਤਿਨਾਮ ਸਿੰਘ ਜੀ ਸੇਠੀ" ਮਿਤੀ 18-01-2012 ਨੂੰ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ। ਉਨ੍ਹਾ ਦੇ ਜਾਣ ਨਾਲ ਸਿੱਖ ਕੌਮ, ਪੰਥ ਅਤੇ ਕੀਰਤਨ ਦੇ ਪ੍ਰੇਮੀਆਂ ਨੂੰ ਪੂਰਾ ਨਾ ਹੋ ਸਕਣ ਵਾਲਾ ਘਾਟਾ ਪਿਆ ਹੈ। "ਪ੍ਰੋਫੈਸਰ ਸੇਠੀ ਸਾਹਿਬ" ਸਿੱਖ ਕੌਮ ਦੇ ਸ੍ਰੋਮਣੀ ਰਾਗੀ ਜੱਥਿਆ ਵਿਚੋ ਇਕ ਸਨ ਅਤੇ ਬਹੁਤ ਹੀ ਪਿਆਰ ਨਾਲ ਗੁਰੂ ਨਾਲ ਜੁੜ ਕੇ ਅਤੇ ਸੰਗਤਾਂ ਨੂੰ ਜੋੜ ਕੇ ਰਸਭਿੰਨਾ ਕੀਰਤਨ ਕਰਦੇ ਸਨ।

ਆਪ ਜੀ ਦਾ ਜਨਮ 26 ਜਨਵਰੀ 1942 ਵਿਚ ਸਰਗੋਧਾ, (ਪਾਕਿਸਤਾਨ) ਵਿਖੇ ਹੋਇਆ। ਆਪ ਜੀ ਦੇ ਪਿਤਾ ਸ਼੍ਰ: ਨਰਿੰਦਰ ਸਿੰਘ ਸੇਠੀ ਅੰਮ੍ਰਿਤਸਰ ਵਿਖੇ ਸ਼ੈਸ਼ਨ ਜੱਜ ਸਾਹਿਬ ਦੇ ਰੀਡਰ ਵੱਜੋ ਸਰਵਿਸ ਕਰਦੇ ਸਨ ਆਪ ਜੀ ਦੇ ਮਾਤਾ ਕਰਮ ਕੌਰ ਜੀ ਅੰਮ੍ਰਿਤਸਰ ਵਿਖੇ ਇਸਤਰੀ ਸਤਿਸੰਗ ਸਭਾ ਦੇ ਮੁੱਖੀ ਵੱਜੋ ਵਿਚਰਦੇ ਰਹੇ ਅਤੇ ਬਹੁਤ ਸਾਰੇ ਕੀਰਤਨ ਪ੍ਰੇਮੀਆਂ ਨੂੰ ਕੀਰਤਨ ਸਿੱਖਣ ਦੀ ਪ੍ਰੇਰਨਾ ਅਤੇ ਫਰੀ ਸਿਖਲਾਈ ਦੀ ਸੇਵਾ ਸਾਰਾ ਜੀਵਨ ਕੀਤੀ। ਇਹੀ ਪ੍ਰੇਰਣਾ ਉਨ੍ਹਾਂ ਨੇ ਆਪਣੇ ਪਰਿਵਾਰ ਨੂੰ ਦਿੱਤੀ ਜਿਸ ਸਦਕਾ ਆਪ ਜੀ ਦੇ ਸਪੁੱਤਰ "ਪ੍ਰੋਫੈਸਰ ਸਤਨਾਮ ਸਿੰਘ ਸੇਠੀ" ਜੀ ਨੂੰ ਗੁਰੂ ਘਰ ਦੇ ਕੀਰਤਨ ਦੀ ਲਗਨ ਲੱਗ ਗਈ।ਆਪ ਜੀ ਦੇ ਪਿਤਾ ਜੀ ਦੀ ਵੀ ਇਹੀ ਦਿਲੀ ਖਵਾਹਿਸ਼ ਸੀ ਕਿ ਉਨ੍ਹਾ ਦਾ ਪੁੱਤਰ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਦਰ ਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਕੀਰਤਨ ਦੀ ਹਾਜ਼ਰੀ ਭਰਿਆ ਕਰਨ। ਇਸ ਪ੍ਰੇਰਣਾ ਸਦਕਾ "ਪ੍ਰੋਫੈਸਰ ਸਤਿਨਾਮ ਸਿੰਘ ਜੀ" ਦੀ ਮੁੱਢਲੀ ਵਿੱਦਿਆ ਦੇ ਨਾਲ ਕੀਰਤਨ ਦੀ ਵਿੱਦਿਆ, ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਹੋਈ ਅਤੇ ਆਪ ਸੁਰੂ ਤੋ ਹੀ ਆਪਣੇ ਕੀਰਤਨੀ ਸਾਥੀਆਂ ਦੇ ਮੋਢੀ ਰਹੇ ਅਤੇ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਹਜੂਰੀ ਰਾਗੀ ਰਹੇ।ਆਪ ਨੇ ਪ੍ਰੋਫੈਸਰ ਦੀ ਉਪਾਧੀ ਪੂਨਾ ਯੂਨੀਵਰਸਿਟੀ ਤੋ ਹਾਸਲ ਕੀਤੀ।ਆਪ ਜੀ ਦੇ ਉਸਤਾਦ ਪ੍ਰਿਸੀਪਲ ਰਜਿੰਦਰ ਸਿੰਘ ਜੀ ਸਨ। 1 ਸਤੰਬਰ 1968 ਤੋ ਆਪ ਜੀ, ਡਕਸ਼ਈ ਪਬਲਿਕ ਸਕੂਲ ਵਿਖੇ ਬਤੋਰ ਮਿਊਜਿਕ ਹੈਂਡ ਨਿਯੁਕਤ ਹੋਏ। ਇਥੇ ਆਪ ਜੀ ਨੇ 4 ਸਾਲ ਮਿਊਜਿਕ ਅਤੇ ਕੀਰਤਨ ਦੇ ਸਿੱਖਿਆਰਥੀਆਂ ਨੂੰ ਸਿੱਖਿਆ ਦਿੱਤੀ। ਆਪ ਜੀ ਨੂੰ ਵਰਲਡ ਪੰਜਾਬੀ ਆਰਗੇਨਾਈਜੇਸ਼ਨ ਤੋ ਬੇਸਟ ਕਲਾਸੀਕਲ ਰਾਗੀ ਦਾ ਐਵਾਰਡ ਪ੍ਰਾਪਤ ਹੋਇਆ।ਆਪ ਜੀ 1 ਸਤੰਬਰ 1975 ਤੋਂ ਗੁਰਦੁਆਰਾ ਪੁਲਬੰਗਸ਼ ਦਿੱਲੀ, ਗੁਰਦੁਆਰਾ ਸੀਸਗੰਜ ਸਾਹਿਬ ਦਿੱਲੀ ਅਤੇ ਗੁਰਦੁਆਰਾ ਬੰਗਲਾ ਸਾਹਿਬ ਦਿੱਲੀ ਵਿਖੇ ਹਜੂਰੀ ਰਾਗੀ ਦੇ ਤੌਰ ਤੇ ਸੇਵਾ ਨਿਭਾਈ। ਸੰਗਤ ਦੇ ਅਥਾਹ ਪਿਆਰ ਅਤੇ ਹੁਕਮ ਤੇ ਆਪ ਨੇ 1982 ਤੋਂ ਕੀਰਤਨ ਦੀ ਖੁੱਲੀ ਸੇਵਾ ਦਿਨ-ਰਾਤ ਕਰਨੀ ਸੁਰੂ ਕਰ ਦਿੱਤੀ ਅਤੇ ਦੇਸ਼ਾਂ ਵਿਦੇਸ਼ਾਂ ਵਿਚ ਭਰਮਣ ਕਰਕੇ ਗੁਰਬਾਣੀ ਦੇ ਕੀਰਤਨ ਦੇ ਪ੍ਰਵਾਹ ਚਲਾਏ ਅਤੇ ਸੰਗਤਾਂ ਨੂੰ ਕੀਰਤਨ ਰਾਹੀ ਗੁਰੂ ਚਰਨਾਂ ਨਾਲ ਜੋੜਣ ਦੀ ਸੇਵਾ ਨਿਭਾਈ। ਆਪ ਜੀ ਰਸਭਿੰਨੀ ਅਤੇ ਮਧੁਰ ਆਵਾਜ ਦੀਆਂ ਗੁਰਬਾਣੀ ਦੇ ਨਿਤਨੇਮ, ਸੁਖਮਨੀ ਸਾਹਿਬ ਦੇ ਪਾਠ, ਆਸਾ ਦੀ ਵਾਰ, ਸਲੋਕ ਮਹੱਲਾ 9, ਆਨੰਦ ਕਾਰਜ, ਦੁੱਖ ਭੰਜਨੀ ਸਾਹਿਬ, ਸਲੋਕ ਸ਼ੇਖ ਫਰੀਦ ਅਤੇ ਹੋਰ ਬੇਅੰਤ ਗੁਰਬਾਣੀ ਦੇ ਕੀਰਤਨ ਦੀਆਂ ਆਡੀਓ, ਵਿਡੀਓ, ਸੀਡੀਜ਼, ਕਈ ਮਿਊਜਿਕ ਕੰਪਨੀਆਂ (ਅੰਮ੍ਰਿਤ ਵਾਣੀ, ਟੀ.ਸੀਰੀਜ਼, ਵਗੇਰਾ) ਨੇ ਤਿਆਰ ਕਰਕੇ ਸੰਗਤਾਂ ਦੇ ਸਨਮੁੱਖ ਲਿਆਦੀਆਂ ਜੋ ਸੰਗਤਾਂ ਨੇ ਬਹੁਤ ਹੀ ਪਿਆਰ ਨਾਲ ਸੁਣੀਆਂ ਅਤੇ ਸਵਿਕਾਰੀਆਂ।

ਆਪ ਨੇ ਗੁਰੂ ਘਰ ਦੀ ਸੇਵਾ ਨਿਭਾਉਣ ਲਈ ਦਿਨ-ਰਾਤ ਆਪਣੇ ਸਰੀਰ ਨੂੰ ਗੁਰੂ ਅਤੇ ਸੰਗਤਾਂ ਦੇ ਸਮਰਪਿਤ ਰੱਖਿਆ । ਜਿਸ ਕਾਰਨ ਅਖੀਰਲੇ ਸਮੇਂ ਆਪ ਜੀ ਨੂੰ ਸ਼ੂਗਰ ਰੋਗ ਕਰਕੇ ਬੀਮਾਰੀ ਨੇ ਘੇਰਾ ਪਾਇਆ ਪਰ ਆਪ ਨੇ ਆਪਣੇ ਗੁਰੂ ਦਾ ਸਿਮਰਨ ਨਹੀ ਛੱਡਿਆ ਅਤੇ ਸਿਮਰਨ ਕਰਦੇ-ਕਰਦੇ ਗੁਰੂ ਚਰਨਾਂ ਵਿਚ ਜਾ ਬਿਰਾਜੇ।

# HOLA MOHALLA



Holgarh is one of the many historical forts at Anandpur Sahib, picturesquely located in the foothills of the Shivalik ranges in the Ropar district of Punjab, about 85 km northwest of Chandigarh.

It was there that on the first day of Chet (a month on the lunar calendar used widely in India) in 1701 AD that Guru Gobind Singh presided over a gathering of Sikhs and declared that henceforth the Hola Mohalla (sometimes spelt Mahalla) would be celebrated by the Sikhs as a day of fun and games.

This was a new tradition, one in which there would be two groups of Sikhs acting as opposing parties in a mock battle. The winners would be given blessings by the Guru himself, who would also oversee the exercises and festivities.

As Bhai Kahan Singh tells us in the monumental work, Mahan Kosh, the first Sikh encyclopedia, Hola is derived from the word halla (a military charge) and the term mohalla stands for an organized procession or an army column. The words "Hola Mohalla" would thus stand for "the charge of an army".

Even today, the Nihangs (ascetic warriors) continue to maintain the traditions of yore. They practice horsemanship, and are skilled at tent-pegging, gatka (Sikh martial arts), jousting and other war-like sports.

They cut a fine figure dressed in deep blue traditional robes, often contrasted with saffron sashes or turbans. They wear large, peaked turbans, often embellished with

quoits, malas and Sikh emblems. They also sport a variety of traditional arms, ranging from swords, daggers and spears to firearms such as rifles, shotguns, and pistols.

Their processional columns start from their camps - called chhawni (literally, military cantonment) - and gradually wind their way down to Anandpur Sahib. The Nihangs flaunt their martial traditions as they swagger through the lush countryside, and are feted by the villagers en route and as they finally arrive at their destination.

Hola Mohalla is recognized as a National Festival by the Government of India. When crowds gather, politicians can't be far behind. Consequently, many political rallies are also held here during the three days of festivities. Nevertheless, the general atmosphere retains an air of festive piety.

Langars, or voluntary community kitchens, are aplenty and every pilgrim is expected to partake of the food while sitting in pangats, or neat rows of people sitting down together on the ground to eat.

Several hundred thousand people are expected to gather during the Hola Mohalla this year, in the first week of March.

Paintings: Detail from sketch, Anandpur, by Kanwar Singh Dhillon

Source : Sikhchic.com

## POSITIVE THINKING

**Overcoming Impatience**

Overcome bouts of impatience. In the long run, developing patience requires a change in your attitude about life, but you can immediately make progress by learning to relax whenever you feel impatient. Take a few deep breaths and just try to clear your mind. Concentrate on breathing and you'll be able to get your bearings.

Let go if you can't do anything about the impatience trigger. If there isn't anything that you can do to resolve whatever has triggered your impatience, just let it go. Easier said than done, yes, but it's possible, and it's the only healthy thing to do. Initially, you will probably find it difficult to let go if the matter is important to you - waiting to hear back after a job interview, for instance - but you should be able to alleviate impatience that's caused by issues of less consequence (i.e. waiting in line at the grocery store). If you make a concerted effort to be more patient in relatively inconsequential, short-term situations, you'll gradually develop the strength to remain patient in even the most trying and enduring situations.

*With best Compliments from a Well Wisher*

# ਸੁਰ ਲਿਪੀ–ਰਾਗ ਸਾਰੰਗ

ਹਰਿਭਜਨ ਸਿੰਘ

ਥਾਟ:- ਕਾਫੀ ! ਦੋਨੋਂ ਨੀਸ਼ਾਦ॥ ਸਮਾਂ : ਦਿਨ ਦਾ ਤੀਸਰਾ ਪਹਿਰ॥ ਵ/ਸ-ਰ/ਪ॥ ਜਾਤੀ-ਔਡਵ/ਔਡਵ
ਵਰਜਿਤ : 'ਗ' ਤੇ 'ਧ'॥ ਅਰੋਹ ਸ ਰ ਮ ਪ ਨ ਸਂ॥ ਅਵਰੋਹ : ਸਂ ਨੁ ਪ ਮ ਰ, ਸ
ਮੁੱਖ ਅੰਗ : ਨ਼ ਸ ਰ, ਮ ਰ, ਪ ਮ ਰ, ਨ਼ ਸ॥

| X | | 2 | | | 0 | | 3 | | | X | | 2 | | | 0 | | 3 | | |
|---|---|---|---|---|---|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 8 | 9 | 10 | 1 | 2 | 3 | 4 | 5 | 6 | 7 | 8 | 9 | 10 |
| ਨ਼ | ਨ਼ | ਸ | – | ਰ | ਨ਼ | ਸ | ਨ਼ੁ | ਪ਼ | –ਪ਼ੁ | ਮ਼ | ਪ਼ | ਨ਼ | ਨ਼ | ਨ਼ | ਰ | ਨ਼ | ਸ | – | – |
| ਹ | ਰਿ | ਬਿ | s | ਨੁ | ਕਉ | s | ਨੁ | s | sਸ | ਹਾ | s | ਈ | s | s | ਮ | ਨ | ਕਾ | s | s |
| ਨ਼ | ਨ਼ | ਸ | ਰ | ਸ | ਰ | ਮ | – | – | – | ਰ | ਮ | ਪ | ਨੁ | ਮ | ਪ | ਪ | ਪ | – | – |
| ਮਾ | s | ਤ | s | ਪਿ | ਤਾ | s | s | s | s | ਭਾ | ਈ | ਸੁ | s | ਤ | ਬ | ਨ | ਤਾ | s | s |
| ਮ | ਪ | ਨ | – | – | ਸਂ | ਨ | ਸਂ | – | – | ਨੁ | ਪ | ਮ | ਰ | ਸ | ਰ | ਨ਼ | ਸ | – | – |
| ਹਿ | ਤੁ | ਲਾ | s | s | ਗੋ | s | s | s | s | ਸ | s | ਭ | s | s | ਫ | ਨ | ਕਾ | s | s |
| | | | | | | | | | | | | | | | | | | | |
| ਮ | – | ਪ | ਨੁ | ਪ | ਨ | ਨ | ਸਂ | – | ਸਂ | ਸਂ | ਸਂ | ਸਂ | – | – | ਰਂ | ਨ | ਸਂ | – | – |
| ਆ | s | ਗੇ | s | s | ਕਉ | s | ਕਿ | s | ਛੁ | ਤੁ | ਲ | ਹਾ | s | s | ਬਾਂ | s | ਧਹੁ | s | s |
| ਨ | – | ਸਂ | – | ਮਂ | ਰਂ | ਸਂ | ਰਂ | ਨ | ਸਂ | ਨ | – | ਸਂ | – | ਰਂ | ਨ | ਸਂ | ਨੁ | ਪ | – |
| ਕਿਆ | s | s | s | s | ਭ | s | ਰ | s | s | ਵਾ | s | ਸਾ | s | s | ਧ | ਨ | ਕਾ | s | s |
| ਰ | – | ਮ | ਪ | ਮਮ | ਪ | – | ਪ | – | – | ਰ | ਮ | ਪ | ਨੁ | ਮ | ਪ | – | ਪ | – | – |
| ਕ | s | ਹਾ | s | sਬਿ | ਸਾ | s | ਸਾ | s | s | ਇ | ਸ | ਭਾਂ | s | s | ਡੇ | s | ਕਾ | s | s |
| ਮ | ਪ | ਨ | – | – | ਸਂ | ਨ | ਸਂ | – | – | ਨੁ | ਪ | ਮ | ਰ | ਸ | ਰ | ਨ਼ | ਸ | – | – |
| ਇ | ਤ | ਨ | s | s | ਕੁ | s | s | s | s | ਲਾ | s | ਗੈ | s | s | ਠ | ਨ | ਕਾ | s | s |
| | | | | | | | | | | | | | | | | | | | |
| ਮ | ਮ | ਪ | ਨੁ | ਪ | ਨ | ਨ | ਸਂ | – | – | ਸਂ | ਸਂ | ਸਂ | – | ਸਂ | ਰਂ | ਨ | ਸਂ | – | – |
| ਸ | ਗ | ਲ | s | sਧ | ਰ | ਮ | s | s | s | ਪੁੰ | ਨ | ਫ | s | ਲ | ਪਾ | s | ਵਹੁ | s | s |
| ਨ | – | ਸਂ | – | ਮਂ | ਰਂ | ਸਂ | ਰਂ | ਨ | ਸਂ | ਨ | – | ਸਂ | – | ਰਂ | ਨ | ਸਂ | ਨੁ | ਪ | – |
| ਧੂ | s | ਰਿ | s | s | ਬਾਂ | s | ਛਹੁ | s | s | ਸ | s | ਭ | s | s | ਜ | ਨ | ਕਾ | s | s |
| ਰ | – | ਮ | ਪ | ਮਮ | ਪ | – | ਪ | – | –ਪ | ਰ | ਮ | ਪ | ਨੁ | ਮ | ਪ | – | ਪ– | – | – |
| ਕ | s | ਹੋ | s | sਕ | ਬੀ | s | ਰੁ | s | sਸੁ | ਨਹੁ | s | ਰੇ | s | s | ਸੰ | s | ਤਹੁ | s | s |
| ਮ | ਪ | ਨ | – | ਨ | ਸਂ | ਨ | ਸਂ | – | ਸਂ | ਨੁ | ਪ | ਮ | ਰ | ਸ | ਰ | ਨ਼ | ਸ | – | – |
| ਇ | ਹੁ | ਮ | s | ਨੁ | ਉ | ਡ | ਨ | s | ਪੰ | ਖੇ | s | ਰੂ | s | s | ਬ | ਨ | ਕਾ | s | s |

ਅੰਗ ੧੨੫੩

Page 1253

ਸਾਰੰਗ ਕਬੀਰ ਜੀਉ ॥

Saarang, Kabeer Jee:

ੴ ਸਤਿਗੁਰ ਪ੍ਰਸਾਦਿ ॥

One Universal Creator God. By The Grace Of The True Guru:

ਹਰਿ ਬਿਨੁ ਕਉਨੁ ਸਹਾਈ ਮਨ ਕਾ ॥

Other than the Lord, who is the Help and Support of the mind?

ਮਾਤ ਪਿਤਾ ਭਾਈ ਸੁਤ ਬਨਿਤਾ ਹਿਤੁ ਲਾਗੋ ਸਭ ਫਨ ਕਾ ॥੧॥ ਰਹਾਉ ॥

Love and attachment to mother, father, sibling, child and spouse, is all just an illusion. ||1||Pause||

ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ ॥

So build a raft to the world hereafter; what faith do you place in wealth?

ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ ॥੧॥

What confidence do you place in this fragile vessel; it breaks with the slightest stroke. ||1||

ਸਗਲ ਧਰਮ ਪੁੰਨ ਫਲ ਪਾਵਹੁ ਧੂਰਿ ਬਾਂਛਹੁ ਸਭ ਜਨ ਕਾ ॥

You shall obtain the rewards of all righteousness and goodness, if you desire to be the dust of all.

ਕਹੈ ਕਬੀਰੁ ਸੁਨਹੁ ਰੇ ਸੰਤਹੁ ਇਹੁ ਮਨੁ ਉਡਨ ਪੰਖੇਰੂ ਬਨ ਕਾ ॥੨॥੧॥੯॥

Says Kabeer, listen, O Saints: this mind is like the bird, flying above the forest. ||2||1||9||


**THE SIKH REVIEW**
**(A Monthly Magazine)**

**116, Karnani Mansion**
**25-A, Park Street, Kolkata**

# ਬਜ਼ੁਰਗ ਕੀਰਤਨ ਦਰਬਾਰ



## ਬਜ਼ੁਰਗਾਂ ਵੱਲੋਂ
## ਭਗਤ ਕਬੀਰ ਦੀ ਬਾਣੀ ਦਾ ਕੀਰਤਨ




ਅੰਮ੍ਰਿਤ ਕੀਰਤਨ ਟਰੱਸਟ ਵੱਲੋਂ ਸਾਰੰਗ ਦੇ ਸਹਿਯੋਗ ਨਾਲ ਭਗਤ ਕਬੀਰ ਬਾਣੀ ਦਾ ਕੀਰਤਨ ਬਜ਼ੁਰਗਾਂ ਵੱਲੋਂ ਕਰਵਾਇਆ ਗਿਆ। ਇਹ ਪ੍ਰੋਗਰਾਮ ਤਿੰਨ ਘੰਟੇ ਚਲਦਾ ਰਿਹਾ ਜਿਸ ਵਿਚ ਸ੍ਰੀ ਹਰਿਭਜਨ ਸਿੰਘ ਚੋਪੜਾ, ਸ. ਗੁਰਬੀਰ ਸਿੰਘ, ਭਾਈ ਪਰਮਜੀਤ ਸਿੰਘ, ਭਾਈ ਹਰਨੇਕ ਸਿੰਘ, ਸ. ਰਤਨ ਸਿੰਘ, ਬੀਬੀ ਅੰਮ੍ਰਿਤ ਕੌਰ, ਸ: ਅਜੀਤ ਸਿੰਘ, ਡਾ. ਬ.ਸ. ਰਤਨ, ਸੁਰਜੀਤ ਸਿੰਘ ਬਾਲੀ, ਤਰਲੋਚਨ ਸਿੰਘ ਚਾਵਲਾ, ਮਿ: ਪ੍ਰਕਾਸ਼ ਕੌਰ ਰਤਨ, ਮਿ. ਅੰਮ੍ਰਿਤ ਕੌਰ ਆਹੂਜਾ ਅਤੇ ਡਾ. ਜਾਗੀਰ ਸਿੰਘ ਜੀ ਨੇ ਸ਼ਬਦ ਗਾਇਨ ਕੀਤਾ।



ਸੰਗਤਾਂ ਨੇ 'ਮਉਲੀ ਧਰਤੀ ਮਉਲਿਆ ਆਕਾਸ', 'ਬਾਬਾ ਅਬ ਨ ਬਸਉ ਇਹ ਗਾਊਂ', 'ਰਾਮਈਆ ਹਉ ਬਾਰਿਕ ਤੇਰਾ', 'ਰਾਮ ਜਪਹੁਜੀ ਐਸੇ ਐਸੇ', 'ਨਹੀਂ ਛੋਡਉ ਰੇ ਬਾਬਾ ਰਾਮ ਨਾਮ' ਸ਼ਬਦਾਂ ਨਾਲ ਸੁਰਤਿ ਰਲਾਈ।

ਡਾ. ਜਾਗੀਰ ਸਿੰਘ ਨੇ ਦੱਸਿਆ ਕਿ ਅੰਮ੍ਰਿਤ ਕੀਰਤਨ ਟਰੱਸਟ ਵੱਲੋਂ ਬਜ਼ੁਰਗਾਂ ਦੀ ਕੀਰਤਨ-ਪਰੰਪਰਾ ਨੂੰ ਜਾਰੀ ਰੱਖਣ ਦਾ ਉਦੇਸ਼ ਸ਼ੁਧ ਬਾਣੀ ਉਚਾਰਨ ਤੋਂ ਇਲਾਵਾ ਸ਼ੁਧ ਰਾਗਾਂ ਦੇ ਦਰਸ਼ਨ ਕਰਾਉਣ ਦਾ ਇਕ ਉਪਰਾਲਾ ਵੀ ਹੈ ਅਤੇ ਨਵੀਂ ਪੀੜ੍ਹੀ ਲਈ ਪ੍ਰੇਰਨਾ ਵੀ।



ਅੰਮ੍ਰਿਤ ਕੀਰਤਨ ਟਰੱਸਟ ਵੱਲੋਂ ਸਭ ਬਜ਼ੁਰਗਾਂ ਨੂੰ ਸਨਮਾਨ ਚਿੰਨ੍ਹ ਨਾਲ ਸਨਮਾਨਿਤ ਕੀਤਾ ਗਿਆ।



ਅਗਲੀ ਪੀੜ੍ਹੀ ਦੀ ਪ੍ਰਤੀਨਿਧਤਾ ਵਿਚ ਦੋ ਬਾਲ ਕਲਾਕਾਰ ਬੱਚੀ ਗੁਰਲੀਨ ਕੌਰ ਅਤੇ ਗਗਨਦੀਪ ਸਿੰਘ ਨੇ 'ਹਰਿ ਕੇ ਨਾਮ ਕੇ ਵਪਾਰੀ' ਅਤੇ 'ਸਾਚਾ ਨਾਵਣ ਗੁਰ ਕੀ ਸੇਵਾ' ਸ਼ਬਦਾਂ ਦਾ ਗਾਇਨ ਕੀਤਾ। ਇਸ ਸਮਾਗਮ ਦੀ ਆਮ ਸੰਗਤਾਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ ਅਤੇ ਇਸਨੂੰ ਅੱਗੋਂ ਵੀ ਜਾਰੀ ਰੱਖਣ ਲਈ ਉਤਸ਼ਾਹਤ ਕੀਤਾ ਜਾ ਰਿਹਾ ਹੈ।

Postal Regd. No. G/CDH/0045/2012-14 RNI Regd. No. 46788/89 ISSN 0972-2335

# ਬਜ਼ੁਰਗ ਕੀਰਤਨ ਦਰਬਾਰ ਦੀਆਂ ਕੁਝ ਹੋਰ ਝਲਕੀਆਂ









